# ਅੰਮ੍ਰਿਤ ਕੀਰਤਨ

ੴ

ਮਈ 2002



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# Amrit Kirtan

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 5 ◆ ਸਾਲ ਚੌਦਵਾਂ ◆ ਮਈ 2002



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**
ਐਮ.ਏ., ਪੀ.ਐਚ.ਡੀ.

ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਉੱਤਮ ਸਿੰਘ**



| | | |
|---|---|---|
| **ਮਿਤ੍ਰ ਅਸਾਡੜੇ ਸੇਈ** | 2 | *ਪਾਠਕਾਂ ਦੇ ਪੱਤਰ* |
| **ਕਰਉ ਬੇਨੰਤੀਆ** | 5 | *ਸੰਪਾਦਕੀ* |
| **ਆਤਮ ਪ੍ਰਕਾਸ਼ ਤੇ ਨਾਦ ਦੀ ਚੇਤਨਾ** | 6 | ਕਰਤਾਰ ਸਿੰਘ ਨੀਲਧਾਰੀ |
| **ਜੇ ਗੁਣ ਹੋਵਹਿ ਗੰਠੜੀਆ ਮੇਲੇਗਾ ਸੋਈ** | 8 | ਰਮੇਸ਼ ਸਿੰਘ |
| **ਸਾਡਾ ਵਿਰਸਾ** | 12 | ਪ੍ਰੋ. ਨਰਿੰਦਰ ਸਿੰਘ |
| **ਸਾਡੇ ਧਾਰਮਕ ਸਥਾਨ ਸ਼ੋਰ ਸ਼ਰਾਬੇ ਦੀ ਥਾਂ...** | 15 | ਸਿਮਰਨਜੋਤ ਸਿੰਘ |
| **ਲੋਕ ਸਾਜ਼: ਢੋਲ** | 17 | ਡਾ. ਜਗੀਰ ਸਿੰਘ ਨੂਰ |
| **ਗੁਰਮਤਿ ਕੀਰਤਨ** | 26 | ਭਾਈ ਅਸ਼ੋਕ ਸਿੰਘ ਬਾਗੜੀਆ |
| **ਗੁਰਮਤਿ ਸੰਗੀਤ ਅਕੈਡਮੀ ਦਾ ਸਲਾਨਾ...** | 27 | ਪ੍ਰੋ. ਕਰਤਾਰ ਸਿੰਘ |
| **Guru Arjan Dev...** | 28 | Bhagwant Singh Dalawari |
| **W.S. Vachhani...** | 32 | Col. A.S. Rattan |
| **ਸੁਰ ਲਿਪੀਆਂ** | 33 | ਪ੍ਰਿੰਸੀਪਲ ਦਿਆਲ ਸਿੰਘ |
| **ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ** | 35 | ਮਨਮੋਹਨ ਸਿੰਘ |



◆ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ।
ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



◆ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

◆ Donations are eligible for relief u/s 80 G of Income-Tax Act, 1961
vide CIT/ CHD/ 126/ 80-G/ Tech./ 3861 dated 30/8/2001 valid upto 31/3/2002

**ਚੰਦੇ ਦਾ ਵੇਰਵਾ :**

◆ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ., ਜੀਵਨ ਮੈਂਬਰ (15 ਸਾਲ) 1500 ਰੁ.

◆ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ (30 ਸਾਲ) 300 $

◆ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-701396, 713915

**ਰਚਨਾਵਾਂ ਭੇਜਣ ਲਈ ਪਤਾ :**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-772660

e-mail: drjagirsingh@rediffmail.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Ph: 391443 Pg: 9610408677

# ਮਿਤ੍ਰ ਅਸਾਡੜੇ ਸੇਈ

♦ ਇਹ ਜਾਣਕੇ ਅਚੰਭਾ ਹੋਇਆ ਕਿ ਸਤਿਗੁਰੂ ਦੇ ਭਾਣੇ ਵਿਚ ਕਸ਼ਟ ਆਇਆ ਹੈ ਪਰ-

***ਕਾਟੇ ਕਸ਼ਟ ਪੂਰੇ ਗੁਰਦੇਵ, ਸੇਵਕ ਕਉ ਕੀਤੀ ਆਪਨੀ ਸੇਵ॥***

ਅਨੁਸਾਰ ਨਰਵਿਰਤੀ ਵੀ ਉਹ ਆਪ ਕਰੇਗਾ। ਆਪ ਆਉਣ ਨੂੰ ਮੰਨ ਕਰਦਾ ਹੈ, ਪਰ ਮਰੀਜ਼ ਨਾਲ ਹਮਦਰਦੀ ਇਹੀ ਹੈ ਕਿ ਉਸਨੂੰ ਆਰਾਮ ਲਈ ਪੂਰਾ ਸਮਾਂ ਦੇਣਾ ਚਾਹੀਦਾ ਹੈ। ਗੁਰੂ ਅੱਗੇ ਅਰਦਾਸ ਹੈ ਕਿ ਆਪ ਛੇਤੀ ਸਿਹਤਯਾਬ ਹੋਕੇ ਗੁਰੂ ਘਰ ਦੀ ਸੇਵਾ ਲਈ ਫਿਰ ਤੋਂ ਜੁੱਟ ਜਾਉ। ਇਹੀ ਜੋਦੜੀ ਹੈ ਸਤਿਗੁਰ ਅੱਗੇ।

- *ਪ੍ਰੋ. ਪਰਮਜੋਤ ਸਿੰਘ,* Punjab & Sind Bank. Devotional Music Archives, Green Park, Jalandhar

♦ ਆਪ ਜੀ ਦਾ ਰਸਾਲਾ, 'ਅੰਮ੍ਰਿਤ ਕੀਰਤਨ' ਗੁਰਮਤਿ ਲਾਇਬ੍ਰੇਰੀ (ਗੁਰਦੁਆਰਾ ਮੰਜੀ ਸਾਹਿਬ) ਅੰਬਾਲਾ ਸ਼ਹਿਰ ਤੋਂ ਲੈ ਕੇ ਪੜ੍ਹਿਆ। ਇਹ ਰਸਾਲਾ ਹਰ ਪੱਖੋਂ ਸ਼ਲਾਘਾਯੋਗ ਹੈ। ਗੁਰਮਤਿ ਸਬੰਧੀ ਚੰਗੀ ਸੇਧ, ਅਗਵਾਈ ਤੇ ਵਡਮੁੱਲਾ ਗਿਆਨ ਦਿੰਦਾ ਹੈ। ਪਰਮਾਤਮਾ ਅੱਗੇ ਅਰਦਾਸ ਹੈ ਇਹ ਆਉਣ ਵਾਲੇ ਸਮੇਂ ਵਿਚ ਹੋਰ ਭੀ ਤਰੱਕੀ ਕਰੇ, ਚੜ੍ਹਦੀ ਕਲਾ ਵਿੱਚ ਰਹੇ ਅਤੇ ਤੁਹਾਡੇ ਵੱਡੇ ਨਿਸੁਆਰਥ ਸੇਵਾ ਕਰਨ ਵਾਲਿਆਂ ਦੀ ਅਗਵਾਈ ਮਿਲਦੀ ਰਹੇ ਤੁਹਾਡੀ ਸਿਹਤ ਤੰਦਰੁਸਤੀ ਬਰਕਰਾਰ ਰਹੇ।

- *ਤਰਲੋਚਨ ਸਿੰਘ, 3929, ਪਟੇਲ ਰੋਡ, ਅੰਬਾਲਾ ਕੈਂਟ 340 003*

♦ ਆਸ ਹੈ ਹੁਣ ਨੌਂ ਬਰ ਨੌਂ ਤੇ ਚੜ੍ਹਦੀ ਕਲਾ ਵਿਚ ਹੋਵੋਗੇ। ਤੁਹਾਡੇ ਐਕਸੀਡੈਂਟ ਬਾਰੇ, ਮੈਨੂੰ ਪਹਿਲਾਂ ਡਾ ਬਚਿੱਤਰ ਸਿੰਘ ਕੋਲੋਂ ਤੇ ਫਿਰ ਡਾ ਗੁਰਨਾਮ ਸਿੰਘ ਤੋਂ ਪਤਾ ਲੱਗਿਆ ਸੀ। ਫਿਰ ਗੁਰਬਾਣੀ ਕੀਰਤਨ ਦੇ ਇਕ ਅੰਕ ਤੋਂ ਵੀ ਇਹ ਸਭ ਕੁਝ ਜਾਣਿਆ। ਪਰ ਡਾਕਟਰਾਂ ਵਲੋਂ ਤੁਹਾਡੀ ਮੁਕੰਮਲ ਰੈਸਟ ਬਾਰੇ ਤੇ ਫਿਰ ਕੋਈ ਮਿਲਣੀ ਨਾ ਹੋ ਸਕਣ ਬਾਰੇ ਵੀ ਪਤਾ ਲੱਗਿਆ ਸੀ। ਪਰ ਇਸ ਸਾਰੇ ਸਮੇਂ ਵਿਚ ਅੰਤ੍ਰੀਵ 'ਚੋਂ ਤੁਹਾਨੂੰ ਯਾਦ ਕਰਵਾ ਰਿਹਾ ਹਾਂ। ਤੁਹਾਡੀ ਸ਼ੀਘਰ ਦੇਹ ਅਰੋਗਤਾ ਲਈ ਵੀ ਮਨ ਹੀ ਮਨ ਵਿਚ ਕਾਮਨਾ ਹੁੰਦੀ ਰਹੀ ਹੈ। ਕਈ ਵਾਰ ਸਥਿਤੀ ਹੀ ਅਜਿਹੀ ਬਣ ਜਾਂਦੀ ਹੈ ਕਿ ਸਭ ਕੁਝ ਵਸੋਂ ਬਾਹਰ ਹੋ ਜਾਂਦਾ ਹੈ। ਪਰ ਸੁਕਰ ਹੈ ਕਿ ਮਾਲਕ ਨੇ ਤੁਹਾਨੂੰ ਫਿਰ ਤੋਂ ਨਵਾਂ ਜੀਵਨ ਬਖ਼ਸ਼ਿਆ ਹੈ। ਕੀ ਡਿਊਟੀ ਤੇ ਜਾਣਾ ਸ਼ੁਰੂ ਕਰ ਦਿੱਤਾ ਹੈ ਜਾਂ ਅਜੇ ਘਰੇ ਛੁੱਟੀ 'ਤੇ ਹੋ? ਹੁਣ ਕਿਵੇਂ ਹੋ? ਜ਼ਰੂਰ ਲਿਖਣਾ।

- *ਸੁਰਜੀਤ, ਮੰਡੀ ਗੋਬਿੰਦਗੜ੍ਹ*

♦ ਜਨਵਰੀ ਦੀਆਂ 'ਅੰਮ੍ਰਿਤ ਕੀਰਤਨ' ਦੀਆਂ ਕਾਪੀਆਂ ਵੀ ਮਿਲੀਆਂ। ਜਨਵਰੀ ਦੇ ਅੰਕ ਵਿੱਚ 'ਕਰਉ ਬੇਨੰਤੀਆ' ਦੇ ਸਿਰਲੇਖ ਥੱਲੇ ਭਾਈ ਗੁਰਮੀਤ ਸਿੰਘ ਬੈਦਵਾਣ ਦੀ ਲਿਖਤ ਤੋਂ ਪਤਾ ਚੱਲਿਆ ਕਿ ਆਪ ਭਿਆਨਕ ਸੜਕ ਹਾਦਸੇ ਵਿਚ ਸਖ਼ਤ ਜਖ਼ਮੀ ਹੋ ਗਏ ਅਤੇ ਵਾਹਿਗੁਰੂ ਨੇ ਹੱਥ ਦੇ ਕੇ ਜੀਵਨ ਦੀ ਰੱਖਿਆ ਕੀਤੀ। ਸੱਚ ਮੁੱਚ ਹੀ ਇਹ ਤਾਂ ਨਵਾਂ ਜੀਵਨ ਬਖ਼ਸ਼ਣ ਵਾਲੀ ਗੱਲ ਹੈ। ਅਰਦਾਸ ਕਰਦੇ ਹਾਂ ਕਿ ਆਪ ਜਲਦੀ ਠੀਕ ਠਾਕ ਹੋ ਜਾਵੋ ਅਤੇ ਮੁੜਕੇ ਸੇਵਾ ਵਿਚ ਜੁਟ ਜਾਵੋ। ਪਰਿਵਾਰ ਨੂੰ ਵਾਹਿਗੁਰੂ ਹੋਰ ਸ਼ਕਤੀ ਬਖਸ਼ੇ ਕਿ ਸਾਰੇ ਜਣੇ ਆਪ ਜੀ ਦੀ ਭਰਪੂਰ ਸੇਵਾ ਕਰ ਸਕਣ ਅਤੇ ਆਪ ਸਰੀਰਕ ਅਤੇ ਮਾਨਸਿਕ ਤੌਰ ਉਤੇ ਤਕੜੇ ਹੋ ਜਾਵੋ। ਠੀਕ ਹੋਕੇ ਸਭ ਬਾਰੇ ਪਤਾ ਦੇਣਾ ਸਰਬੱਤ ਪਰਿਵਾਰ ਨੂੰ ਨਿੱਘੀ ਪਿਆਰੀ ਯਾਦ ਅਤੇ ਫ਼ਤਹਿ ਪ੍ਰਵਾਨ ਹੋਵੇ।

- *ਗੁਰਵੰਤ ਸਿੰਘ,* 107 Taylor St. Block House Bay Auckland 1007

♦ ਆਪ ਜੀ ਦੀ ਸਿਹਤ ਬਾਰੇ ਕੱਲ੍ਹ ਹੀ ਰਾਹੀ ਸਾਹਿਬ ਨੇ ਦੱਸਿਆ ਕਿ ਹੁਣ ਘਰ ਆ ਗਏ ਹਨ, ਠੀਕ ਹਨ। ਵਾਹਿਗੁਰੂ ਜੀ ਨੇ ਅਪਾਰ ਕ੍ਰਿਪਾ ਕਰਕੇ ਆਪ ਨੂੰ ਜੀਵਨ ਬਖ਼ਸ਼ਿਆ ਹੈ। ਸਤਿਗੁਰਾਂ ਦਾ ਕੋਟਾਨ ਕੋਟ ਸ਼ੁਕਰ ਕਰਦੇ ਹਾਂ। ਮੈਂ ਵੀ ਕਾਫੀ ਤਖਲੀਫ ਕੱਟੀ ਹੈ। ਵਾਕਰ, ਵੈਸਾਖੀ ਨਾਲ ਤੁਰਦੇ ਤੁਰਦੇ ਹੁਣ ਗੁਰੂ ਦੀ ਕ੍ਰਿਪਾ ਹੈ ਆਪਨੇ ਆਪ ਤੁਰ ਲੈਂਦਾ ਹਾਂ। ਇਸੇ ਕਰਕੇ ਹੀ ਆਪ ਜੀ ਦਾ ਪਤਾ ਲੈਣਾ ਨਹੀਂ ਆ ਸਕਿਆ। ਖਿਮਾ ਚਾਹੁੰਦਾ ਹਾਂ। ਹਰ ਵਖਤ ਅਰਦਾਸ ਕਰਦਾ ਹਾਂ ਸਤਿਗੁਰੂ ਜੀ ਕ੍ਰਿਪਾ ਕਰਨ ਆਪ ਛੇਤੀ ਸੰਗਤਾਂ ਵਿਚੋਂ ਵਿਚਰੋਂ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰੋ। ਇਹ ਭਾਣਾ ਕਿਸ ਤਰ੍ਹਾਂ ਵਰਤਿਆ ਹੈ ਕਿ ਹੁਣ ਕੀ ਹਾਲ ਹੈ, ਕੀ ਇਲਾਜ ਚੱਲ ਰਿਹਾ ਹੈ। ਇਸ ਬਾਰੇ ਦੱਸਣਾ। 'ਅੰਮ੍ਰਿਤ ਕੀਰਤਨ' ਬੰਦ ਹੋਣ ਦਾ ਬਹੁਤ ਦੁਖ ਹੈ। ਗੁਰੂ ਬਖ਼ਸ਼ਿਸ਼ ਕਰੇ ਆਪ ਛੇਤੀ ਚੜ੍ਹਦੀ ਕਲਾ ਵਿਚ

ਹੋਵੇ 'ਅੰਮ੍ਰਿਤ ਕੀਰਤਨ' ਦੁਬਾਰਾ ਸ਼ੁਰੂ ਹੋਵੇ। ਸਰਬਤ ਕੀਰਤਨ ਪ੍ਰੇਮੀਆਂ ਦੀ ਇਹੀ ਦਿਲੀ ਅਰਦਾਸ ਹੈ।

*- ਅਵਤਾਰ ਸਿੰਘ ਹੰਸ, ਗੁਰਦੁਆਰਾ ਸੰਤਪੁਰਾ, ਪਟਿਆਲਾ ਗੇਟ, ਸੰਗਰੂਰ*

♦ Sikhs surely don't deserve the treatment being meted out to them by the powers-that-be and the media.

If Sikhs feel that they have excelled in every field and have proved their loyalty to their country time and again then the question is:

Why is the image of Sikhs at all-time low?

Is the media responsible or are we ourselves responsible for the current state of affairs?

Where do we go from here?

Sikhs have settled all over the world, and though there are a large number of Gurdwaras around the globe, not enough trained and well educated 'Raagis' and 'Granthis' (Parcharaks) are available to convey Guru Sahebans message in modern format which can attract the younger generation.

Today audio and television have become an integral part of our lives. It is high time that we looked to these to reach out to our children and build a sense of pride in them.

Need of the day is to start a Newspaper and Radio and Television Channels presenting Sikh tenets in an authentic and world class manner.

Instead of looking to an indolent and comatose leadership, let us take it upon ourselves to launch these projects. We have plenty of talent and enterprise in our community.

A body of dedicated Sikhs like Dr. Manmohan Singh, S. Patwant Singh, S. Saran Singh, Dr. Kharak Singh, S. Bhagwant Singh Dilawari, S. Surinder Singh Sachdev (Singh Bandhu) may be formed as the 'Broadcasting Body Of Sikhs' (BBS).

All members could pick one youngster each to assist and in the process train these young men/women to carry on with the noble work.

Sikhs who generously donate gold and marble for Gurdwaras can keep aside a part of the money for this Body so that enough funds are collected to carry on the work of spreading Guru's wisdom through the electronic media.

The least we, the parents and senior members of the community, can do is to hand the flame of Sikhi to our children so that they can carry it forward to light not only their own lives but of generations to come.

We invite readers, who share these feelings to contact us at our e-mail: ac@vsnl.com

*- **Inderjit Singh**. Video Net Productions*

*Unit No. 5-6Thacker Ind. Est., Gr. Floor, NM Joshi Marg Mumbai - 400 011*

# ਕਰਉ ਬੇਨੰਤੀਆ

## ਥਿਰੁ ਘਰਿ ਬੈਸਹੁ

ਮਨੁੱਖੀ ਜੀਵਨ ਵਿਚ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਜਦੋਂ ਕਿਸੇ ਕਾਰਨ ਸਾਡੀ ਸੁਖਾਵੀਂ ਚਲ ਰਹੀ ਜ਼ਿੰਦਗੀ ਵਿਚ ਕੋਈ ਰੁਕਾਵਟ ਪੈਂਦੀ ਹੈ, ਤਾਂ ਅਸੀਂ ਇਸ ਨੂੰ ਸੰਕਟ ਸਮਝ ਲੈਂਦੇ ਹਾਂ। ਸੰਕਟ ਦਾ ਕਾਰਨ ਕੋਈ ਵੀ ਹੋ ਸਕਦਾ ਹੈ। ਪਰ ਜਦੋਂ ਸਾਨੂੰ ਸੰਕਟ ਦੇ ਕਾਰਨ ਦੀ ਸਮਝ ਨਹੀਂ ਪੈਂਦੀ ਤਾਂ ਅਸੀਂ ਪ੍ਰਮਾਤਮਾ ਅੱਗੇ ਅਰਦਾਸਾਂ ਕਰਦੇ ਹਾਂ ਕਿ ਕਿਸੇ ਤਰ੍ਹਾਂ ਅਸੀਂ ਇਸ ਸੰਕਟ ਵਿਚੋਂ ਨਿਕਲ ਜਾਈਏ। ਜੇ ਸੰਕਟ ਦੇ ਕਾਰਨ ਦੀ ਸਮਝ ਪੈ ਜਾਏ ਤਾਂ ਉਸ ਵਿਚੋਂ ਨਿਕਲਣ ਦੇ ਉਪਰਾਲੇ ਆਪ ਹੀ ਕਰਦੇ ਹਾਂ।

ਪਿਛਲੇ ਸਾਲ 18 ਦਸੰਬਰ ਨੂੰ ਜਦੋਂ ਮੇਰਾ ਐਕਸੀਡੈਂਟ ਹੋਇਆ ਤਾਂ ਤਿੰਨ ਮਹੀਨੇ ਪੀ ਜੀ ਆਈ ਹਸਪਤਾਲ ਰਹਿਣਾ ਪਿਆ। ਅਜੇ ਵੀ ਚਲਣ ਫਿਰਨ ਦੀ ਮਨਾਹੀ ਹੈ। ਇਹ ਤਕਲੀਫ ਸਹਿਣੀ ਤਾਂ ਹੈ ਹੀ ਸੀ। ਇਹਨਾਂ ਦਿਨਾਂ ਵਿਚ ਕਾਫੀ ਕੁਝ ਸਿੱਖਣ ਨੂੰ ਮਿਲਿਆ। ਡਾਕਟਰ ਜਦੋਂ ਮੇਰੇ ਕੋਲ ਆਉਂਦੇ ਤਾਂ ਉਹ ਹਮੇਸ਼ਾਂ ਹੀ ਕਹਿੰਦੇ ਤੰਦਰੁਸਤੀ ਆ ਰਹੀ ਹੈ। ਉਹਨਾਂ ਦਾ ਕਹਿਣਾ ਸੀ ਕਿ ਅਸੀਂ ਹੱਡੀਆਂ ਸਿੱਧੀਆਂ ਕਰਕੇ ਪਲੇਟਾਂ ਨਾਲ ਬੰਨ੍ਹ ਦਿੱਤੀਆਂ ਹਨ ਹੁਣ ਸਰੀਰ ਦੀ ਅੰਦਰੂਨੀ ਪਰਕਿਰਿਆ ਆਪਣੇ ਆਪ ਜੋੜੇਗੀ। ਤੁਸੀਂ ਬਸ ਸ਼ਾਂਤ ਚਿਤ ਹੋ ਕੇ ਲੇਟੇ ਰਹੋ। ਜਦੋਂ ਵੀ ਅਸੀਂ ਸ਼ਾਂਤ ਚਿਤ ਹੋ ਕੇ ਰਹਿੰਦੇ ਹਾਂ ਸਾਡੀਆਂ ਸਰੀਰਕ ਸ਼ਕਤੀਆਂ ਜਿਹਨਾਂ ਬਾਰੇ ਅਸੀਂ ਬਹੁਤ ਘਟ ਜਾਣਦੇ ਹਾਂ ਆਪਣੇ ਆਪ ਹੀ ਸਾਡੇ ਲਈ ਕਾਰਜ ਕਰਦੀਆਂ ਹਨ। ਡਾਕਟਰ ਤੰਦਰੁਸਤੀ ਲਈ ਹਾਲਾਤ ਪੈਦਾ ਕਰਦੇ ਹਨ। ਤੰਦਰੁਸਤੀ ਹਰ ਸਰੀਰ ਆਪਣੇ ਆਪ ਕਰਦਾ ਹੈ।

ਇਹਨਾਂ ਦਿਨਾਂ ਵਿਚ ਕਈ ਪੁਸਤਕਾਂ ਪੜ੍ਹੀਆਂ ਪਰ ਇਕ ਪੁਸਤਕ 'Grow rich while you sleep' ਬਹੁਤ ਚੰਗੀ ਲੱਗੀ। ਇਸ ਪੁਸਤਕ ਵਿਚ ਅਚੇਤ-ਮਨ ਨੂੰ 'ਸਿਰਜਕ ਮਨ' ਦਾ ਨਾਮ ਦਿੱਤਾ ਗਿਆ ਹੈ। ਲੇਖਕ ਅਨੁਸਾਰ ਜੇ ਅਸੀਂ ਆਪਣੇ ਅਚੇਤ ਮਨ ਨੂੰ ਰਾਤੀਂ ਸੌਣ ਲੱਗਿਆਂ ਆਪਣੇ ਅਗਲੇ ਦਿਨ ਦੇ ਕੰਮਾਂ ਕਾਰਾਂ ਲਈ ਅਗਵਾਈ ਦੇਣ ਦਾ ਸੁਝਾਅ ਦੇ ਕੇ ਸੌਂ ਜਾਈਏ ਤਾਂ ਸਾਡਾ ਅਚੇਤ ਮਨ ਸਾਰੀ ਰਾਤ ਗਿਣਤੀਆਂ ਮਿਣਤੀਆਂ ਕਰਕੇ ਅਗਲੇ ਦਿਨ ਲਈ ਸਾਨੂੰ ਅਗਵਾਈ ਦਿੰਦਾ ਹੈ ਅਤੇ ਸਾਡੇ ਮਨ ਵਿਚ ਸਾਡੇ ਲਈ ਲਾਭਦਾਇਕ ਵਿਚਾਰ ਆਉਣੇ ਸ਼ੁਰੂ ਹੋ ਜਾਂਦੇ ਹਨ। ਪਰ ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਮਨ ਨੂੰ ਬੇਲੋੜੇ ਤਣਾਓ ਤੋਂ ਮੁਕਤ ਰੱਖੀਏ। ਸ਼ਾਇਦ ਇਸੇ ਕਰਕੇ ਹੀ ਗੁਰਬਾਣੀ ਵਿਚ ਪ੍ਰਮਾਤਮਾਂ ਦੀਆਂ ਦਿੱਤੀਆਂ

ਸ਼ਕਤੀਆਂ ਤੇ ਭਰੋਸਾ ਕਰਨ ਅਤੇ ਸ਼ਾਂਤ ਚਿਤ ਰਹਿਣ ਦੀ ਪ੍ਰੇਰਨਾ ਦਿੱਤੀ ਗਈ ਹੈ। ਇਸ ਨਾਲ ਸਾਡੇ ਸਾਰੇ ਸੰਕਟ ਦੂਰ ਹੋ ਜਾਂਦੇ ਹਨ। ਇੱਕ ਸ਼ਬਦ ਤਾਂ ਜਿਵੇਂ ਹਰ ਪ੍ਰਕਾਰ ਦੇ ਸੰਕਟਾਂ ਤੋਂ ਮੁਕਤੀ ਦਿਵਾਉਣ ਵਾਲਾ ਹੈ। ਇਸ ਦਾ ਬਾਰ ਬਾਰ ਪਾਠ ਕਰਕੇ ਵੇਖੋ ਸ਼ਾਇਦ ਕੋਈ ਕਰਾਮਾਤ ਵਰਗੀ ਗੱਲ ਵਾਪਰ ਜਾਏ :

**ਸਿਰੀਰਾਗ ਮਹਲਾ ਪੰਜਵਾਂ**

*ਜਾਕਉ ਮੁਨਕਲੁ ਅਤਿ ਬਣੈ ਢੋਈ ਕੋਇ ਨ ਦੇਇ॥*

*ਲਾਗੂ ਹੋਇ ਦੁਸਮਨਾ ਸਾਕ ਭਿ ਭਜਿ ਖਲੇ॥*

*ਸਭੋ ਭਜੇ ਆਸਰਾ ਚੁਕੈ ਸਭੁ ਅਸਰਾਉ॥*

*ਚਿਤਿ ਆਵੈ ਓਸ ਪਾਰਬ੍ਰਹਮ ਲਗੈ ਨ ਤਤੀ ਵਾਉ॥੨॥*

*ਸਾਹਿਬ ਨਿਤਾਣਿਆ ਕਾ ਤਾਣੁ॥*

*ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ॥੨॥ ਰਹਾਉ॥*

*ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ॥*

*ਦਮੜਾ ਪਲੈ ਕਾ ਪਵੈ ਨਾ ਕੋ ਦੇਵੈ ਧੀਰ॥*

*ਸੁਆਰਥ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ॥*

*ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ॥੨॥*

*ਜਾਕਉ ਚਿੰਤਾ ਬਹੁਤ ਬਹੁਤ ਦੇਹੀ ਵਿਆਪੈ ਰੋਗੁ॥*

*ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ॥*

*ਗਉਣੁ ਕਰੇ ਚਹੁਕੁੰਟ ਕਾ ਘੜੀ ਨ ਬੈਸਣੁ ਸੋਇ॥*

*ਚਿਤਿ ਆਵੈ ਓਸੁ ਪਾਰਬ੍ਰਹਮੁ ਤਨੁ ਮਨੁ ਸੀਤਲ ਹੋਇ॥੩॥* (ਪੰਨਾ 70)

ਜਦੋਂ ਉਹ ਪਾਰਬ੍ਰਹਮ ਚੇਤੇ ਆਉਂਦਾ ਹੈ ਤਾਂ ਮਨ ਸਥਿਰ ਹੁੰਦਾ ਹੈ ਅਤੇ ਜਦੋਂ ਮਨ ਸਥਿਰ ਹੁੰਦਾ ਹੈ ਤਾਂ ਪ੍ਰਮਾਤਮਾ ਦੀਆਂ ਸਾਰੀਆਂ ਸ਼ਕਤੀਆਂ ਸਾਡੇ ਕਾਜ ਸਵਾਰਨ ਲਈ ਜਤਨਸ਼ੀਲ ਹੋ ਜਾਂਦੀਆਂ ਹਨ:

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ॥*

*ਸਤਿਗੁਰਿ ਤੁਮਰੇ ਕਾਜ ਸਵਾਰੇ॥* (ਪੰਨਾ 201)

# ਆਤਮ ਪ੍ਰਕਾਸ਼ ਤੇ ਨਾਦ ਦੀ ਚੇਤਨਾ


## ਕਰਤਾਰ ਸਿੰਘ ਨੀਲਧਾਰੀ

162-ਏ, ਗਰੇਨ ਮਾਰਕੀਟ, ਚੰਡੀਗੜ੍ਹ


ਸ੍ਰਿਸ਼ਟੀ ਦੀ ਰਚਨਾ ਦੇ ਪਹਿਲੇ ਪੜਾਵ ਵਿੱਚ ਅੰਧਕਾਰ ਜਾਂ ਧੁੰਧੂਕਾਰ ਦੀ ਫਲਾਸਫੀ ਸਵੀਕਾਰ ਕੀਤੀ ਗਈ ਹੈ। ਪਹਿਲਾਂ ਪ੍ਰਕਾਸ਼ ਉਤਪੰਨ ਹੋਇਆ ਤੇ ਦ੍ਰਿਸ਼ ਮਾਨਤਾ ਹੋਂਦ ਵਿੱਚ ਆਈ। ਇਸ ਦੇ ਮਗਰੋਂ ਧੁਨੀ ਜਾਂ ਆਵਾਜ਼ ਪੈਦਾ ਹੋਈ ਤੇ ਗਤੀਮਾਨ ਹਲਚਲ ਦਾ ਸੁਰ-ਅਸੁਰ ਬੋਧ ਪ੍ਰਾਰੰਭ ਹੋਇਆ। "ਜੋ ਬ੍ਰਹਮੰਡੇ ਸੋਈ ਪਿੰਡੇ" ਦੇ ਸਿਧਾਂਤ ਨਾਲ ਅੰਤਰਤਮ ਵਿੱਚ ਅੰਧੇਰਾ ਹੀ ਹੁੰਦਾ ਹੈ ਜਿਸਨੂੰ ਅਗਿਆਨ ਜਾਂ ਅਵਿੱਦਿਆ ਕਿਹਾ ਜਾਂਦਾ ਹੈ। ਇਸ ਅਗਿਆਨ ਨੂੰ ਦੂਰ ਕਰਨ ਲਈ ਕੰਨਾਂ ਨਾਲ ਅਸੀਂ ਗਿਆਨ ਵਾਰਤਾ ਸੁਣਦੇ ਹਾਂ ਅਤੇ ਅੱਖਾਂ ਨਾਲ ਅੱਖਰ ਗਿਆਨ ਰਾਹੀਂ ਪੜ੍ਹਨਾ ਸਿੱਖਦੇ ਹਾਂ। ਸੰਸਾਰ ਦੇ ਭੌਤਿਕ ਗਿਆਨ ਤੋਂ ਬਾਦ ਮਨੁੱਖ ਦੀ ਜਿਗਿਆਸਾ ਉਸ ਨੂੰ ਆਪਣੇ ਮੂਲ ਦੀ ਪਹਿਚਾਨ ਕਰਨ ਲਈ ਪ੍ਰੇਰਿਤ ਤੇ ਉਤਸਾਹਿਤ ਕਰਦੀ ਹੈ।

*"ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ"* ਦੇ ਗੁਰਬਾਣੀ ਵਾਕ ਨਾਲ ਅੰਤਰ ਚੇਤਨਾ ਰਾਹੀਂ ਮੂਲ ਪਹਿਚਾਨ ਕਰਨ ਦਾ ਸੰਦੇਸ਼ ਦਿੱਤਾ ਗਿਆ ਹੈ। ਭੌਤਿਕ ਸਮਾਜ ਤੇ ਉਲਝਾਵ ਅਤੇ ਰੋਜ਼ੀ-ਰੋਟੀ ਦੇ ਲਫੜਿਆਂ ਵਿੱਚ ਉਲਝਿਆ ਇਨਸਾਨ ਅਤੇ ਰੋਜ਼ਗਾਰ ਸੁਵਿਧਾ ਵਿੱਚ ਜੀਅ ਕੇ ਤ੍ਰਿਸ਼ਣਾ ਦਾ ਮਾਰਿਆ ਇਨਸਾਨ ਅਜਿਹੇ ਸੰਦੇਸ਼ ਨੂੰ ਸੁਣਨ ਦੀ ਫੁਰਸਤ ਹੀ ਨਹੀਂ ਰੱਖਦਾ। ਸੰਸਾਰ ਦੇ ਇਹ ਦੋ ਰੰਗ ਹਨ ਭੁੱਖਾ ਮੋਇਆ ਜਾਂ ਖਾ ਮੋਇਆ। ਵੀਹਵੀਂ ਸਦੀ ਦੇ ਮਹਾਨ ਦਾਰਸ਼ਨਿਕ ਸੰਤ ਰਜਨੀਸ਼ ਓਸ਼ੋ ਨੇ ਸਹੀ ਕਿਹਾ ਸੀ ਕਿ ਰੋਜ਼ੀ ਰੋਟੀ ਦੇ ਮਸਲੇ ਵਿੱਚ ਗਮਗੀਨ ਵਿਅਕਤੀ ਉਸ ਕੋਲ ਨਾ ਆਉਣ। ਅਜਿਹੇ ਵਿਅਕਤੀ ਦੀਆਂ ਭੌਤਿਕ ਚਿੰਤਾਵਾਂ ਅੰਤਰ ਆਤਮੇ ਦੇ ਚਿੰਤਨ ਲਈ ਵਿਹਲ ਨਹੀਂ ਦਿੰਦੀਆਂ। ਤ੍ਰਿਸ਼ਣਾ ਵਿੱਚ ਸੰਚੈ ਕਰਨ ਦੇ ਅਭਿਆਸੀ ਜਿਸ ਚੂਹਾ ਦੌੜ ਦੀ ਮਾਨਸਿਕਤਾ ਵਿੱਚ ਜੀਵਨ ਗੁਜਾਰਦੇ ਹਨ, ਉਸ ਤ੍ਰਿਸ਼ਣਾ ਦੇ ਮਾਨਸਿਕ ਤਨਾਵ ਨਾਲ ਜੀਵਨ ਸੁਖ ਲਈ ਜ਼ਰੂਰੀ ਤੇ ਨੈਸਰਗਿਕ ਨਿੰਦਰਾ ਤੋਂ ਵਿਛੜ ਜਾਂਦੇ ਹਨ। ਅਜਿਹੇ ਮਾਨਸਿਕ ਸੰਤਾਪੀਆਂ ਨੂੰ ਔਸ਼ੋ ਨੇ ਇੱਕ ਹੌਲੇ ਪੋਲੇ ਜਿਹੇ ਸਪਰਸ਼ਾਂ ਨਾਲ ਬਾਲ ਸੁਲਭ ਨੀਂਦਰ ਦੇ ਕੇ ਅਮੀਰੀਕਾ ਦੇ ਕੈਥੋਲਿਕ ਚਰਚ ਲਈ ਭੁਚਾਲ ਲੈ ਆਂਦਾ ਸੀ। ਸਮਾਜਿਕ ਵਿਵਹਾਰ ਦੀ ਸੀਮਾਬੱਧ ਸੰਜਮ ਨਾਲ ਬਾਕੀ ਉਪਦੇਸ਼ ਸਾਰੇ ਸੰਤਾਂ ਦਾ ਇੱਕੋ ਜਿਹਾ ਹੀ ਹੁੰਦਾ ਹੈ ਅਤੇ ਅੱਜ ਕਲ੍ਹ ਧਿਆਨ ਲਗਾ ਕੇ ਮਾਨਸਿਕ ਸ਼ਾਂਤੀ ਪਾਉਣ ਦਾ ਪ੍ਰਚਾਰ ਸਮੇਂ ਦੀ ਲੋੜ ਅਨੁਸਾਰ ਜ਼ਿਆਦਾ ਪ੍ਰਫੁਲਿਤ ਹੋ ਰਿਹਾ ਹੈ।

ਸ੍ਰਿਸ਼ਟੀ ਰਚਨਾ ਦੀ ਮੂਲਭੂਤ ਸੰਰਚਨਾ ਨਾਲ ਜੁੜਨ ਦੀ ਪ੍ਰਵਿਰਤੀ ਨੂੰ ਪਰਮਾਤਮਾ ਦੀ ਹੋਂਦ ਹੀ ਵਾਦ ਵਿਵਾਦ ਦਾ ਵਿਸ਼ਾ ਬਣ ਗਈ ਤਾਂ ਨਿਰਗੁਣ (ਰੰਗ-ਰੂਪ-ਦੇਹ ਤੋਂ ਰਹਿਤ) ਦੀ ਕਲਪਨਾ ਅਰੂਪ ਆਤਮਾ ਜਾਂ ਜੀਵਨ ਚੇਤਨਾ ਦੇ ਅਹਿਸਾਸ ਨੂੰ ਜ਼ਿਆਦਾ ਰਾਸ ਆਈ। ਇਸ ਸਤਰ ਤੇ ਪਰ-ਭੌਤਿਕੀ ਵਿਗਿਆਨ ਵੀ ਪੂਰੀ ਤਰ੍ਹਾਂ, ਸਹਿਮਤ ਹੋ ਜਾਂਦਾ ਹੈ। ਅੰਤਰ ਆਤਮੇ ਵਿੱਚ ਸੁਰਤਿਨਾਮੀ ਚੇਤਨਾ ਇੱਕ ਸ਼ਬਦ ਵਿਸ਼ੇਸ਼ ਨੂੰ ਕੰਨਾਂ ਰਾਹੀਂ ਗ੍ਰਹਿਣ ਕਰਕੇ ਰਟਨ ਜਾਂ ਸਿਮਰਣ ਦਾ ਉਪਰਾਲਾ ਕਰਦੀ ਹੈ। ਇਹ ਸ਼ਬਦ ਗੁਰੂ ਬਣ ਜਾਂਦਾ ਹੈ ਤੇ ਇਸਨੂੰ ਗੁਰਮੰਤ੍ਰ ਕਿਹਾ ਜਾਂਦਾ ਹੈ। ਇਸ ਧੁਨਿ ਨੂੰ ਸਵੀਕਾਰ ਕਰਕੇ ਸੁਰਤਿ ਜਾਂ ਮਾਨਸਿਕ ਚੇਤਨਾ ਆਪਣੇ ਆਪ ਨੂੰ ਇਸ ਧੁਨਿ ਤੇ ਕੇਂਦ੍ਰਿਤ ਕਰਦੀ ਹੈ ਤੇ ਮਾਨਸਿਕ ਏਕਾਗਰਤਾ ਨਾਲ ਬੰਦ ਅੱਖਾਂ ਸਾਹਮਣੇ ਇੱਕ ਆਕਾਸ਼ ਦੀ ਤਰਫ਼ ਜਾਣ ਦਾ ਆਕਾਸ਼ ਦਾ ਸਵੇਰਾ ਦ੍ਰਿਸ਼ਮਾਨ ਹੋਕੇ ਅੰਧਕਾਰ ਤੋਂ ਪ੍ਰਕਾਸ਼ ਦੀ ਤਰਫ਼ ਜਾਣ ਦਾ ਆਗਾਜ਼ ਕਰਦਾ ਹੈ। ਜੋਤ ਪ੍ਰਕਾਸ਼ ਦੀ ਇਹ ਪਹਿਲੀ ਝਲਕ ਕੁਝ ਖਿਨਾਂ ਦੀ ਹੀ ਹੁੰਦੀ ਹੈ।

ਧੁਨੀ ਤੇ ਪ੍ਰਕਾਸ਼ ਦੇ ਜੋ ਨਾਟਕੀ ਖੇਲ ਅਸੀਂ ਭੌਤਿਕ ਸੰਸਾਰ ਵਿੱਚ ਬਾਹਰੀ ਰੂਪ ਵਿੱਚ ਦੇਖਦੇ ਹਾਂ ਕੁਝ ਅਜਿਹਾ ਖੇਲ ਬੰਦ ਅੱਖਾਂ ਵਿੱਚ ਕੁਝ ਨਵੇਂ ਪਰਦੇ ਖੋਲ੍ਹਣਾ ਸ਼ੁਰੂ ਕਰਦਾ ਹੈ। ਇਸ ਖੇਲ ਦਾ ਵਿਕਸਿਤ ਰੂਪ ਉਸ ਵੇਲੇ ਹੁੰਦਾ ਹੈ ਜਦੋਂ ਆਪਣੇ ਸੰਸਾਰੀ ਮਾਹੌਲ ਵਿੱਚ ਬੈਠ ਕੇ ਵੀ ਕੰਨਾਂ ਦੀ ਸ੍ਰਵਣ ਸ਼ਕਤੀ ਬਾਹਰੀ ਆਵਾਜ਼ਾਂ ਤੋਂ ਬੇਖਬਰ ਹੋ ਜਾਏ। ਇਸ ਸਫਰ ਨੂੰ ਹੀ ਜੋਤ ਪ੍ਰਕਾਸ਼ ਦਾ ਮੁਢਲਾ ਰੂਪ ਕਿਹਾ ਜਾ ਸਕਦਾ ਹੈ। ਅਗਲੇ ਪੜਾਵਾਂ ਤੇ ਕੁਝ ਸੁਰੀਲੀਆਂ ਧੁਨਾਂ (ਬੰਸਰੀ, ਸੰਖ, ਵੀਣਾ, ਘੰਟਾ, ਮ੍ਰਿਦੰਗ ਵਰਗੀਆਂ) ਸੁਣਾਈ ਦਿੰਦੀਆਂ ਹਨ। ਜਿਨ੍ਹਾਂ ਨੂੰ ਨਾਦ ਕਹਿੰਦੇ ਹਨ। ਅੰਤਰ ਆਤਮੇ ਵਿੱਚ ਨਿਯਮਿਤ ਜੋਤ ਪ੍ਰਕਾਸ਼ ਵਿੱਚ ਅਜਿਹੀਆਂ ਧੁਨਾਂ (ਨਾਦ) ਦੀ ਇਕਸਾਰਤਾ ਨੂੰ ਅਨਹਦ ਨਾਦ ਕਿਹਾ

ਗਿਆ ਹੈ। ਜੋਤ ਪ੍ਰਕਾਸ਼ ਵੀ ਇਸ ਨਾਦ ਦਾ ਅੰਗ ਲਗਦਾ ਹੈ।

ਅੰਤਰ ਚੇਤਨਾ ਵਿੱਚ ਇੱਕ ਰਸ ਏਕਾਗਰਤਾ ਦੀ ਸਥਿਤੀ ਨੂੰ ਮਨ ਦਾ ਜਿਤਣਾ ਕਿਹਾ ਗਿਆ ਹੈ। 'ਮਨ ਕੇ ਜੀਤੇ ਜੀਤ ਹੈ, ਮਨ ਕੇ ਹਾਰੇ ਹਾਰ' ਦਾ ਮੁਹਾਵਰਾ ਇੱਥੇ ਭੌਤਿਕ ਅਰਥਾਂ ਨੂੰ ਬਦਲ ਦਿੰਦਾ ਹੈ। ਮਨ ਨੂੰ ਸਾਧ ਲੈਣ ਵਾਲਾ ਸਾਧਕ ਜਦੋਂ ਨਿਸ਼ਕਾਮ ਭਾਵ ਨਾਲ ਇਸ ਜੋਤ ਪ੍ਰਕਾਸ਼ ਅਤੇ ਅਨਹਦ ਨਾਦ ਦਾ ਰਸ ਲੈਣ ਦਾ ਸਵੇੱਛਾ ਅਨੁਸਾਰ ਅਭਿਆਸੀ ਹੋ ਜਾਂਦਾ ਹੈ ਤਾਂ ਉਸਦੀ ਸਮਾਜ ਚੇਤਨਾ, ਉਸਨੂੰ ਮਾਨਵਤਾ ਦੇ ਕਲਿਆਣ ਦੇ ਪਰੋਪਕਾਰ ਵੱਲ ਪ੍ਰੇਰਿਤ ਕਰਦੀ ਹੈ। ਅਜਿਹਾ ਸਾਧ ਜਾਂ ਸੰਤ ਆਡੰਬਰ ਰਹਿਤ ਇਹ ਸੇਵਾ ਕਰਕੇ ਜੀਵਨ ਗੁਜਾਰ ਦਿੰਦਾ ਹੈ, ਕਿਸੇ ਪ੍ਰਕਾਰ ਦੇ ਧਿਆਨ ਕੈਂਪ ਨਹੀਂ ਲਗਾਂਦਾ।

ਕੁਝ ਅਜਿਹੇ ਸਾਧਕ ਹੁੰਦੇ ਹਨ ਜੋ ਇਸ ਪ੍ਰਕਾਸ਼ ਤੇ ਧੁਨੀ ਦੇ ਮਾਨਸਿਕ ਪ੍ਰੀਵੇਸ਼ ਨੂੰ ਭੌਤਿਕ ਆਡੰਬਰ ਅਤੇ ਨਿੱਜੀ ਪ੍ਰਭੁਤਾ ਪ੍ਰਦਰਸ਼ਨ ਦਾ ਸਬਬ ਵੀ ਬਣਾ ਲੈਂਦੇ ਹਨ। ਅਜੋਕੇ ਸਮੇਂ ਵਿੱਚ ਵੱਡੇ ਵੱਡੇ ਦਰਬਾਰ ਤੇ ਪੰਡਾਲ ਸਜਾ ਕੇ ਸਿੰਘਾਸਨ ਟਿਕਾ ਕੇ ਸਦਾਚਾਰੀ ਉਪਦੇਸ਼ ਦੇਣ ਵਾਲੇ ਸੰਤਾਂ ਮਹਾਤਮਾਵਾਂ ਦਾ ਪੂਰਾ ਬਾਜ਼ਾਰ ਬਣਿਆ ਹੋਇਆ ਹੈ। ਅਜਿਹੇ ਧਰਮ ਉਪਦੇਸ਼ ਆਮ ਮਨੁੱਖ ਦਾ ਕਿੰਨਾ ਸੰਤਾਪ ਦੂਰ ਕਰਦੇ ਹਨ, ਇਸ ਵਿਵੇਚਨ ਦਾ ਵਿਸ਼ਾ ਇੱਥੇ ਨਹੀਂ ਸਹੇੜਿਆ ਜਾ ਸਕਦਾ। ਨਿਸ਼ਚਿਤ ਹੀ ਅਜਿਹਾ ਦਰਬਾਰੀ ਸੰਤ ਧਿਆਨ ਸ਼ਿਵਰਾਂ ਕੈਂਪਾਂ ਦਾ ਪ੍ਰਪੰਚ ਲਾਜਮੀ ਤੌਰ ਤੇ ਕਰਦਾ ਹੈ।

ਸ੍ਰਿਸ਼ਟੀ ਦੇ ਮੂਲ ਨਾਲ ਜੁੜਿਆ ਪ੍ਰਕਾਸ਼ ਤੇ ਧੁਨੀ ਦੇ ਗਿਆਨ ਬੋਧ ਤੇ ਚੇਤਨਾ ਵਾਲੇ ਜੀਵਾਤਮਾ ਮਨੁੱਖ ਨੂੰ ਇਸ ਮੂਲ ਨਾਲ ਜੁੜਨ ਲਈ ਸਾਰਾ ਪ੍ਰਯਾਸ ਤੇ ਅਭਿਆਸ ਖੁਦ ਹੀ ਕਰਨਾ ਪੈਂਦਾ ਹੈ। ਸੰਤ, ਸਾਧ ਜਾਂ ਗੁਰੂ ਕੇਵਲ ਦਿਸ਼ਾ ਨਿਰਦੇਸ਼ ਦੇ ਕੇ ਚੌਂਕ ਦੇ ਸਿਪਾਹੀ ਦਾ ਕੰਮ ਕਰ ਰਹੇ ਹਨ ਤੇ ਅਜਿਹੀ ਨੌਕਰੀ ਨੂੰ ਪ੍ਰਮਾਤਮਾ ਦੀ ਸੇਵਾ ਕਹਿ ਕੇ ਆਪਣੀ ਮੁੱਠੀ ਗਰਮ ਕਰਨ ਦੇ ਵਸੀਲੇ ਵੀ ਜ਼ਰੂਰ ਜੋੜ ਲੈਂਦੇ ਹਨ। ਮਾਇਆ ਦੀ ਇਸ ਛਲਨਾ ਨਾਲ ਜੋਤਿ ਤੇ ਧੁਨੀ ਦਾ ਉਪਦੇਸ਼ ਦੇਣ ਵਾਲਾ ਵਿਅਕਤੀ ਖੁਦ ਅੰਧਕਾਰ ਲੋਕ ਵਲ ਵਧ ਰਿਹਾ ਹੁੰਦਾ ਹੈ। ਗੁਰੂ ਗੋਰਖਨਾਥ ਨੂੰ ਵੱਡੇ ਉਪਰਾਲੇ ਨਾਲ ਆਪਣੇ ਗੁਰੂ ਮਛੰਦਰਨਾਥ ਨੂੰ ਸ਼ਰੀਰ ਭੋਗ ਦੇ ਪਤਨ ਚੋਂ ਉਭਾਰਨਾ ਪਿਆ ਸੀ ਪਰ ਅੱਜਕਲ੍ਹ ਪਤਨਸ਼ੀਲ ਉਪਦੇਸ਼ਕਾਂ ਨੂੰ ਉਭਾਰਨ ਲਈ ਗੋਰਖਨਾਥ ਵਰਗਾ ਸ਼ਿਸ਼ ਨਹੀਂ ਮਿਲਦਾ।

ਸਮਾਜ ਨੂੰ ਸਦਾਚਾਰ ਤੇ ਸੰਜਮ ਦਾ ਦਰਬਾਰੀ ਉਪਦੇਸ਼ ਦੇਣ ਵਾਲੇ ਵਿਅਕਤੀ ਦੀ ਨਿੱਜੀ ਜੀਵਨ ਦੀ ਵੈਭਵ ਵਿਲਾਸਿਤਾ ਉਸਦੇ ਅੰਤਰਤਮ ਦੇ ਪ੍ਰਕਾਸ਼ ਨੂੰ ਧੁੰਧਲਾ ਕਰ ਦਿੰਦੀ ਹੈ ਤੇ ਅੰਤਰ ਆਤਮੇ ਦੇ ਸੁਰਨਾਦ ਖਾਮੋਸ਼ ਹੋ ਜਾਂਦੇ ਹਨ। ਨਿੱਜੀ ਵਾਕਚਾਤਰੀ ਦੇ ਅਭਿਆਸ ਦੀ ਨਿਰੰਤਰਤਾ ਉਸਦੀ ਇਸ ਦੁਰਬਲਤਾ ਨੂੰ ਕੁਝ ਚਿਰ ਲਈ ਛੁਪਾ ਦਿੰਦੀ ਹੈ। ਬਾਦ ਵਿੱਚ ਬਾਣੀ ਦਾ ਓਜ ਤੇ ਚਿਹਰੇ ਦਾ ਤੇਜ ਵੀ ਬੇਵਕਤੀ ਬੁਢਾਪੇ ਦਾ ਸ਼ਿਕਾਰ ਹੋ ਜਾਂਦਾ ਹੈ। ਵੈਭਵ ਵਿੱਚ ਸੰਜਮ ਰੱਖਣ ਵਾਲੇ ਉਪਦੇਸ਼ਕ ਨਿਤਨੇਮ ਨਾਲ ਨਿੱਜੀ ਅਭਿਆਸ ਨੂੰ ਕਾਇਮ ਰੱਖਦੇ ਹੋਏ ਵੀ ਅੰਤਰ ਸਥਲ ਦੀ ਉਚਾਈਆਂ ਤੋਂ ਧੀਰੇ ਧੀਰੇ ਫਿਸਲ ਦੇ ਰਹਿੰਦੇ ਹਨ। ਅਜਿਹੇ ਢਲਾਨ ਸਮੇਂ ਕੋਈ ਕਾਲਾ ਧੰਦਾ ਸਮਲਿੰਗ, ਸ਼ਰੀਰ ਭੋਗ ਜਾਂ ਕਿਸੇ ਹੋਰ ਅਸੰਜਮ ਦਾ ਪ੍ਰਸੰਗ ਪ੍ਰਗਟ ਹੋ ਜਾਵੇਂ ਤਾਂ ਇਹ ਲੋਕ ਕਛੂਏ ਵਾਂਗ ਖੁਦ ਨੂੰ ਸਮੇਟ ਕੇ ਕੇਵਲ ਇੱਕ ਥਾਂ ਤੇ ਟਿਕ ਜਾਣ ਵਿੱਚ ਹੀ ਭਲਾ ਸਮਝਦੇ ਹਨ।

ਪ੍ਰਕਾਸ਼ ਨੂੰ ਦਿੱਬਤਾ ਦੇਣ ਵਿੱਚ ਹੀਰੇ ਜਵਾਹਰਾਤਾਂ ਦਾ ਵਿਸ਼ੇਸ਼ ਯੋਗਦਾਨ ਹੋ ਜਾਂਦਾ ਹੈ ਅਤੇ ਅਜਿਹੇ ਜਵਾਹਰਾਤਾਂ ਵਿੱਚੋਂ ਸੱਪ ਨੂੰ ਪ੍ਰਾਪਤ ਹੋਣ ਵਾਲੀ ਮਨੀ ਦਾ ਪ੍ਰਕਾਸ਼ ਸਭ ਤੋਂ ਤੇਜ ਕਿਹਾ ਜਾਂਦਾ ਹੈ। ਇਸ ਦੁਰਲੱਭ ਅਤੇ ਅਦੇਖੀ ਮਨੀ ਨੂੰ ਪਾਕੇ ਇੱਕ ਸੱਪ ਰਾਤ ਦੇ ਹਨ੍ਹੇਰੇ ਵਿੱਚ ਇਸ ਮਨੀ ਦੇ ਪ੍ਰਕਾਸ਼ ਨਾਲ ਛੋਟੇ ਮੋਟੇ ਕੀੜੇ ਲੱਭ ਕੇ ਪੇਟ ਭਰਨ ਦਾ ਉਪਰਾਲਾ ਕਰਦਾ ਹੈ। ਕੁਝ ਅਜਿਹੀ ਸੰਗਿਆ ਪ੍ਰਕਾਸ਼ ਤੇ ਧੁੰਨਿ ਦੇ ਅਖੌਤੀ ਸਿੱਧ ਪੁਰਸ਼ਾਂ ਦਰਬਾਰੀ ਉਪਦੇਸ਼ਕ ਤੇ ਸੰਸਾਰੀ ਵਕਤਾ ਵਣਜ ਕਰਨ ਵਾਲਿਆਂ ਦੀ ਹੁੰਦੀ ਹੈ। ਬਿਨਾਂ ਸ਼ੱਕ ਗੁਰਬਾਣੀ ਨੂੰ ਪੜ੍ਹਕੇ ਗਾ ਕੇ ਰੋਜ਼ਗਾਰ ਕਮਾਣ ਵਾਲੇ ਵਿਅਕਤੀਆਂ ਲਈ ਹੀ ਕਿਹਾ ਗਿਆ ਹੈ- ਕਿਸੇ ਖੋਤੀ ਵਾਹ ਲਈ, ਕਿਸੇ ਪੋਥੀ ਵਾਹ ਲਈ।

'ਗੁਰਮੁਖ ਮਾਇਆ ਵਿੱਚ ਉਦਾਸੀ' ਦੇ ਫਲਸਫੇ ਨਾਲ ਨਿੱਜੀ ਏਕਾਂਤ ਵਿੱਚ ਕੀਤੇ ਸਿਮਰਨ-ਧਿਆਨ ਤੋਂ ਪ੍ਰਾਪਤ ਮਾਨਸਿਕ ਸਹਜਤਾ, ਸਹਿਜੇ ਹੀ ਇੱਕ ਪ੍ਰਕਾਸ਼ ਲੋਕ ਤੇ ਨਾਦ ਦੇ ਸੁਰ ਲੋਕ ਵਿੱਚ, ਲੈ ਜਾਣ ਵਿੱਚ ਸਮਰਥ ਹੋ ਜਾਂਦੀ ਹੈ। ਬਿਨ੍ਹਾਂ ਸ਼ਕ ਇਹ ਅਨੁਭੂਤੀ ਸਹੀ ਦ੍ਰਿਸ਼ਟੀ ਦੀ ਕਲਪਨਾ ਸਾਕਾਰ ਕਰਦੀ ਹੈ। ਨਿਸ਼ਚਿਤ ਹੀ ਨਿੱਜੀ ਅਭਿਆਸ ਨਾਲ ਹੀ ਨਿੱਜੀ ਪ੍ਰਕਾਸ਼ ਤੇ ਨਾਦ ਦੀ ਤਰਫ ਸਫਰ ਕਰਨਾ ਪੈਂਦਾ ਹੈ ਕੋਈ ਮਹਾਂਪੁਰਖ ਸਿੱਧਾ ਸੰਚਾਰ ਨਹੀਂ ਕਰਦਾ।

# ਜੇ ਗੁਣ ਹੋਵਹਿ ਗੰਠੜੀਆ ਮੇਲੇਗਾ ਸੋਈ


## ਰਮੇਸ਼ ਸਿੰਘ

C-131, Sonari West, Jamshedpur 831 011 (Jharkhand)


ਅੱਜ ਅੰਮ੍ਰਿਤ ਵੇਲੇ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤੋਂ ਪਹਿਲਾ ਸ਼ਬਦ ਆਇਆ-

*ਸਤਿ ਸੰਗਤਿ ਨਾਮੁ ਧਿਆਨੁ ਹੈ ਜਿਥਹੁ ਹਰਿ ਪਾਇਆ॥* ਪੰਨਾ 1244

ਜਿਸ ਵਿੱਚ ਗੁਰੂ ਸਾਹਿਬ ਨੇ ਸਮਝਾਇਆ ਕਿ ਕਿਵੇਂ ਸਤਿਸੰਗ ਰੂਪੀ ਸਕੂਲ ਦੇ ਸਿਖਿਆਰਥੀ ਨੂੰ ਪ੍ਰਭੂ ਕਿਰਪਾ ਸਦਕਾ ਨਾਮ ਦਾ ਖਜਾਨਾ ਪ੍ਰਾਪਤ ਹੁੰਦਾ ਹੈ, ਇਹ ਨਾਮ ਖਜਾਨਾ ਉਸ ਅੰਦਰ ਗਿਆਨ ਦੀਵਾ ਬਣ ਕੇ ਪ੍ਰਗਟ ਹੁੰਦਾ ਹੈ ਜਿਸਦੀ ਰੋਸ਼ਨੀ ਅੰਦਰ ਅਗਿਆਨਤਾ ਕਾਰਣ ਪੈਦਾ ਹੋਇਆ ਭਰਮਾਂ ਦਾ ਹਨੇਰਾ ਦੂਰ ਹੋ ਜਾਂਦਾ ਹੈ ਤੇ ਉਸਨੂੰ ਜ਼ਿੰਦਗੀ ਦੀ ਅਸਲੀਅਤ ਸਮਝ ਆ ਜਾਂਦੀ ਹੈ।

ਇਸੇ ਅਗਿਆਨਤਾ ਕਾਰਨ ਮੈਨੂੰ ਕੂੜ ਮਿਠਾ ਤੇ ਸੱਚ ਕਉੜਾ ਲਗਦਾ ਹੈ ਤੇ ਮਨੁੱਖ ਕੂੜ ਚੀਜ਼ਾਂ ਸੋਨਾ, ਚਾਂਦੀ, ਧਨ, ਦੌਲਤ, ਰਾਜ-ਪਾਟ, ਪਤੀ-ਪਤਨੀ, ਮਹਿਲ-ਮਾੜੀਆਂ, ਸਰੀਰਕ ਸੁੰਦਰਤਾ ਇਤਿਆਦਿ ਨੂੰ ਪ੍ਰਭੂ ਨਾਲੋਂ ਵਧ ਅਹਮੀਅਤ ਦੇਣ ਲੱਗ ਪੈਂਦਾ ਹੈ। ਉਸਦੀ ਮਾਨਸਿਕ ਅਵਸਥਾ ਕੂੜ ਪ੍ਰਧਾਨ ਹੋਣ ਕਰਕੇ ਇਨ੍ਹਾਂ ਨਾਲ ਉਸਦਾ ਮੋਹ ਪੈ ਜਾਂਦਾ ਹੈ ਤੇ ਮਾਇਆ ਕਾਰਨ ਪੈਦਾ ਹੋਏ ਅਗਿਆਨ ਹਨੇਰੇ ਅੰਦਰ-

*ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ ਸਰਬ ਜੀਆ ਕਾ ਦਾਤਾ ਹੈ॥* ਪੰਨਾ 612

ਵਰਗੇ ਪ੍ਰਭੂ ਨੂੰ ਉਹ ਨਹੀਂ ਵੇਖ ਪਾਂਦਾ। ਇਸਦੇ ਫਲਸਰੂਪ ਉਸਦੀ ਜ਼ਿੰਦਗੀ ਦੀ ਪ੍ਰਾਥਿਮਕਤਾ (prioroties) ਉਲਟ-ਪੁਲਟ ਹੋ ਜਾਂਦੀ ਹੈ ਤੇ ਉਹ ਸੁਖ ਸਾਗਰ ਪ੍ਰਭੂ ਦੀ ਸੰਤਾਨ ਹੋਣ ਤੇ ਪ੍ਰਭੂ ਦੇ ਨਾਲ ਵਸਣ ਦੇ ਬਾਵਜੂਦ, ਸਾਰੀ ਜ਼ਿੰਦਗੀ ਠੋਕਰਾਂ ਖਾਂਦਾ ਹੈ। ਹੀਰੇ ਦੀ ਪਛਾਣ ਨਾ ਹੋਣ ਕਰਕੇ ਕਉਡੀਆਂ ਇਕੱਠੀਆਂ ਕਰਦਾ ਹੈ, ਅੰਮ੍ਰਿਤ ਦਾ ਵਪਾਰੀ ਹੋਣ ਦੇ ਬਾਵਜੂਦ ਮਾਇਆ ਦੀ ਸ਼ਰਾਬ ਦੇ ਨਸ਼ੇ ਵਿਚ ਮਸਤ ਰਹਿੰਦਾ ਹੈ ਤੇ ਹੋਰ ਬਦਕਿਸਮਤੀ ਕਿ ਇਸਦੀ ਆਕੜ ਵੀ ਕਰਦਾ ਹੈ, ਅਮੋਲਕ ਪ੍ਰਭੂ ਨੂੰ ਪ੍ਰਾਪਤ ਕਰਨ ਦਾ ਸੁਭਾਗ ਅਉਸਰ ਪੰਜਾਂ ਚੋਰਾਂ ਵਸ ਪੈ ਕੇ ਗੁਆ ਲੈਂਦਾ ਹੈ, ਚੌਰਾਸੀ ਲੱਖ ਜੂਨੀਆਂ 'ਚੋਂ ਸਰਵੋਤਮ ਮਨੁੱਖਾ ਜੂਨੀ ਪਾ ਕੇ ਵੀ ਉਸਦਾ ਲਾਭ ਨਹੀਂ ਉਠਾ ਪਾਂਦਾ, ਸੁ ਨਾ ਕੇਵਲ ਇਸ ਜੀਵਨ ਅੰਦਰ ਦੁਖੀ ਹੁੰਦਾ ਹੈ ਵਰਨਾ ਅਪਨਾ ਭਵਿੱਖ (ਅਗਲਾ ਜੀਵਨ) ਵੀ ਵਿਗਾੜ ਲੈਂਦਾ ਹੈ, ਗੁਨਾਹਾਂ ਦੀ ਪੰਡ ਹੋਰ-ਹੋਰ ਭਾਰੀ ਕਰ ਲੈਂਦਾ ਹੈ।

ਗੁਰੂ ਦਾ ਕਮਾਲ ਇਹ ਹੈ ਕਿ ਸਤਿਗੁਰੂ ਸਿੱਖ ਤੇ ਕਿਰਪਾ ਕਰਕੇ ਉਸਨੂੰ ਕੇਵਲ ਨਾਮ ਦੀ ਦਾਤ (ਅਰਥਾਤ ਆਪਣੇ ਉਪਦੇਸ਼) ਦੁਆਰਾ ਸੋਝੀ ਹੀ ਨਹੀਂ ਦੇਂਦਾ ਬਲਕਿ ਨਾਮ ਦੀ ਪੜ੍ਹਾਈ ਪੱਕੀ ਵੀ ਕਰਾਉਂਦਾ ਹੈ:

*ਨਾਨਕ ਸਤਿਗੁਰ ਮਿਲੀਐ ਨਾਉ ਪਾਈਐ ਮਿਲਿ ਨਾਮੁ ਧਿਆਇਆ॥* (ਪੰਨਾ 1244)

ਇਸੇ ਭਾਵਨਾ ਨੂੰ ਗੁਰੂ ਸਾਹਿਬ ਦੂਜੀ ਥਾਂ ਇਸ ਤਰ੍ਹਾਂ ਬਿਆਨ ਕਰਦੇ ਹਨ:

*ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ॥* (ਪੰਨਾ 1136)

ਨਾਮ ਦੀ ਸੋਝੀ ਨਾਲ (ਗੁਰੂ ਕਿਰਪਾ ਸਦਕਾ) ਇਹ ਸਮਝ ਆਉਂਦੀ ਹੈ ਕਿ ਗੁਰਮਤਿ ਮਾਰਗ ਤੇ ਚਲਣ ਲਈ ਇਹ ਕਰਨਾ ਅਤਿ ਜ਼ਰੂਰੀ ਹੈ:

ਅੰਦਰ ਦੀ ਘੋਖ ਕਰ-ਕਰ ਕੇ ਆਪਣੇ ਅਉਗਣਾਂ ਨੂੰ ਪਛਾਨਣਾ।

ਉਹਨਾਂ ਨੂੰ ਵੇਖ ਕੇ ਮਨ ਅੰਦਰ ਪਸ਼ਚਾਤਾਪ ਕਰਨਾ ਅਤੇ ਉਨ੍ਹਾਂ ਤੋਂ ਨਿਜ਼ਾਤ ਪਾਉਣ ਲਈ ਨਿਰੰਤਰ ਕੋਸ਼ਿਸ਼ ਤੇ ਅਰਦਾਸ ਕਰਨੀ।

ਪ੍ਰਭੂ ਦੇ ਗੁਣਾਂ ਦੀ ਪਛਾਣ ਕਰਨਾ।

ਪ੍ਰਭੂ ਦੇ ਗੁਣਾਂ ਨੂੰ ਅਪਨਾਣ ਲਈ ਨਿਰੰਤਰ ਪ੍ਰਯਾਸ ਤੇ ਜੋਦੜੀਆਂ ਕਰਨਾ।

ਗੁਰੂ ਸਾਹਿਬ ਆਖਦੇ ਹਨ:

*ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ॥*

*ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ॥* (ਪੰਨਾ 729)

ਅਤੇ

*ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ॥* (ਪੰਨਾ 1929)

ਜਪੁਜੀ ਸਾਹਿਬ ਅੰਦਰ ਵੀ ਗੁਰੂ ਸਾਹਿਬ ਸਮਝਾਂਦੇ ਹਨ:

*ਵਿਣੁ ਗੁਣ ਕੀਤੇ ਭਗਤਿ ਨ ਹੋਇ॥* (ਪੰਨਾ 4)

ਕਿ ਬਿਨਾ ਗੁਣਾਂ ਦੇ ਭਗਤੀ ਹੋ ਹੀ ਨਹੀਂ ਸਕਦੀ ਕਿਉਂਕਿ ਪ੍ਰਭੂ ਗੁਣਾਂ ਦਾ ਖਜਾਨਾ ਹੈ, ਉਸਦੇ ਗੁਣਾਂ ਦੇ ਧਾਰਣੀ ਹੋ ਕੇ ਅਸੀਂ ਨਿਰੰਤਰ ਉਸਦੀ ਯਾਦ ਵਿੱਚ ਰਹਿ ਸਕਦੇ ਹਾਂ। ਨਾਮ ਦੀ ਇਹ ਜੀਵਨ ਜਾਚ ਕਿਵੇਂ ਸਿੱਖ ਦੀ ਜਿੰਦਗੀ ਅੰਦਰ ਗੁਣ ਭਰਦੀ ਹੈ ਇਸਦੇ ਕੁਝ ਅਮਲੀ ਉਦਾਹਰਣ (Living examples) ਪਾਠਕਾਂ ਨਾਲ ਸਾਂਝੇ ਕਰਨ ਦੀ ਖੁਸ਼ੀ ਲੈ ਰਿਹਾ ਹੈ। ਕਿਉਂਕਿ ਪ੍ਰਭੂ ਕਿਰਪਾ ਸਦਕਾ ਨਿੱਜੀ ਤੌਰ ਤੇ ਇਨ੍ਹਾਂ ਨੂੰ ਜਾਨਣ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ ਹੈ।

1. **ਅੱਠਵੀਂ ਜਮਾਤ ਵਿੱਚ ਪੜ੍ਹਦੀ ਬੱਚੀ ਦਸਵੰਧ ਕੱਢਦੀ ਹੈ:** ਅੰਗਰੇਜ਼ੀ ਸਕੂਲ ਵਿੱਚ ਪੜ੍ਹਦੀ 8th Standard ਦੀ ਇੱਕ ਬੱਚੀ ਜੋ ਪਿਛਲੇ 1-2 ਸਾਲਾਂ ਤੋਂ regular ਸਤਿਸੰਗ ਕਰਦੀ ਹੈ ਤੇ ਕੋਸ਼ਿਸ਼ ਕਰਦੀ ਹੈ ਗੁਰਮਤਿ ਨੂੰ ਸਮਝਣ ਤੇ ਜੀਵਨ ਅੰਦਰ ਢਾਲਣ ਦੀ, ਨੂੰ ਜਦੋਂ ਕਿਸੇ ਦਸਵੰਧ ਦੀ ਗੱਲ ਸਮਝਾਈ ਕਿ ਗੁਰੂ ਸਾਹਿਬ ਦਾ ਇਹ ਹੁਕਮ ਹੈ ਸਾਨੂੰ ਕਿ ਸਿੱਖ ਸੱਚੀ-ਸੁੱਚੀ ਕਿਰਤ ਕਰੇ ਤੇ ਫਿਰ ਆਪਣੀ ਨੇਕ ਕਮਾਈ 'ਚੋਂ ਆਪਣੀ ਆਮਦਨ ਦਾ ਦਸਵਾਂ ਹਿੱਸਾ ਜ਼ਰੂਰ ਕੱਢੇ। ਗਰੀਬਾਂ-ਦੁਖੀਆਂ-ਬੇਸਹਾਰਾ-ਅਨਾਥਾਂ-ਨਿਘਰਿਆਂ-ਲੋੜਵੰਦਾਂ ਦੀ ਮਦਦ ਵਰਗੇ ਧਰਮਕਾਰਜਾਂ ਲਈ ਜਿਸ ਤੋਂ ਇਹ ਅਖਾਣ ਚਲਿਆ ਕਿ "ਗਰੀਬ ਦਾ ਮੂੰਹ ਗੁਰੂ ਦੀ ਗੋਲਕ ਹੈ" ਤੇ ਇਹ ਦੱਸ ਕੇ ਪ੍ਰੇਰਣਾ ਦਿੱਤੀ ਕਿ ਬੇਟੇ, 'ਹੁਣ ਤੋਂ ਤੂੰ ਇਸ ਦੀ ਆਦਤ ਪਾ ਲੈ, ਤੈਨੂੰ ਸਕੂਲ ਲਈ ਜੋ ਵੀ ਜੇਬ ਖਰਚ ਮਿਲਦਾ ਹੈ ਉਸਦਾ ਦਸਵਾਂ ਹਿੱਸਾ ਇਨ੍ਹਾਂ ਕੰਮਾਂ ਲਈ ਲਾ ਦਿਆ ਕਰ'। ਬੱਚੀ ਕਹਿਣ ਲੱਗੀ- "ਅੰਕਲ ਉਹ ਤਾਂ ਮੈਂ ਪਹਿਲਾਂ ਹੀ ਕੱਢਦੀ ਹਾਂ, ਚੰਗਾ ਹੋਇਆ ਆਪਨੇ ਇਹ ਗੱਲ ਕੀਤੀ, ਮੈਂ ਸੋਚ ਰਹੀ ਸਾਂ ਦਸਵੰਧ ਦੀ ਰਕਮ ਮੈਂ ਕਿੱਥੇ ਦਿਆਂ" ਤੇ ਦੂਜੇ ਦਿਨ ਉਹ 450 ਰੁਪਏ ਫੜਾਂਦਿਆਂ ਕਿਹਾ- "ਅੰਕਲ ਜੀ, ਲਉ ਇਹ ਕੈਂਸਰ ਦੇ ਮਰੀਜ਼ਾਂ ਦੇ ਫੰਡ ਵਿਚ ਪਾ ਦਿਉ।" ਉਸ ਵੀਰ ਨੇ ਕਿਹਾ- "ਮੈਂ ਸੋਚ ਰਿਹਾ ਸਾਂ ਕਿ ਵੇਖੋ ਕਿਵੇਂ ਗੁਰੂ ਕਿਰਪਾ ਸਦਕਾ ਇਤਨੀ ਛੋਟੀ ਉਮਰ ਤੋਂ ਹੀ ਇਸ ਬੱਚੀ ਅੰਦਰ ਗੁਰੂ ਦਾ ਹੁਕਮ ਸਮਝ ਕੇ ਉਸ ਤੇ ਅਮਲ ਕਰਨ ਦਾ ਗੁਣ ਆ ਗਿਆ ਹੈ, ਇਸਦੀ ਜਿੰਦਗੀ ਤਾਂ ਤੁਰ ਪਈ ਹੈ ਗੁਰਮਤਿ ਮਾਰਗ 'ਤੇ, ਇਸ ਦੇ ਚੁੱਕੇ ਇਕ ਕਦਮ ਦਾ ਸਦਕਾ ਸਤਿਗੁਰੂ ਇਸਨੂੰ ਆਪਣੇ ਰਾਹ ਤੇ ਚਲਾਂਦੇ ਰਹਿਣਗੇ।

2. **ਨੌਜਵਾਨ ਜੋ ਅਮਰੀਕਾ ਤੋਂ ਵਾਪਸ ਪਰਤਿਆ ਤੇ ਮੁੜ ਕੇਸਧਾਰੀ ਬਣਿਆ:** ਇਕ ਬੜੇ ਹੀ ਨਾਮਵਰ ਸਕੂਲ ਤੋਂ ICSE ਤੇ ਫਿਰ ਬਾਹਰਵੀਂ ਕਰਨ ਤੋਂ ਬਾਅਦ ਇਕ ਸਿੱਖ ਨੌਜਵਾਨ ਦਿੱਲੀ ਆ ਕੇ B.Com ਕਰ ਰਿਹਾ ਸੀ ਕਿ ਕੁਝ ਨਾਮਹੀਨ ਸੰਗਤ ਵਿੱਚ ਪੈਣ ਕਰਕੇ ਉਸ ਕੇਸ਼ ਕਤਲ ਕਰਵਾ ਦਿੱਤੇ ਤੇ ਗੁਰਮਤਿ ਤੋਂ ਦੂਰ ਜਾ ਰਹੀ ਸੀ ਉਸਦੀ ਜਿੰਦਗੀ। ਇਸ ਦੌਰਾਨ ਉਹ ਅਮਰੀਕਾ ਚਲਾ ਗਿਆ ਤੇ ਕੁਝ ਅੰਤਰਾਲ ਬਾਅਦ ਉਸਨੂੰ ਉੱਥੇ ਗਰੀਨ ਕਾਰਡ ਵੀ ਮਿਲ ਗਿਆ। ਅਮਰੀਕਾ ਪ੍ਰਵਾਸ 'ਚ ਉਸਨੇ ਗੁਰਬਾਣੀ ਦੀਆਂ ਕੈਸਟਾਂ ਸੁਣੀਆਂ ਤਾਂ ਉਸਦੇ ਮਨ ਨੂੰ ਹਲੂਣਾ ਵੱਜਿਆ, ਉਹ ਇਹ ਸੋਚਣ ਤੇ ਮਜਬੂਰ ਹੋ ਗਿਆ ਕਿ ਉਸਦੀ ਜਿੰਦਗੀ ਦਾ ਮਕਸਦ ਕੀ ਹੈ? ਜਿਵੇਂ ਜਿਵੇਂ ਉਹ ਗੁਰਬਾਣੀ ਪੜ੍ਹਦਾ ਸੁਣਦਾ ਵਿਚਾਰਦਾ, ਉਸ ਦਾ ਸੁੱਤਾ ਹੋਇਆ ਮਨ ਉਸਨੂੰ ਹੋਰ ਹੋਰ ਅੰਦਰਲੀ ਘੋਖ ਲਈ ਮਜਬੂਰ ਕਰਦਾ। ਆਖਿਰ ਉਸ ਫੈਸਲਾ ਕਰ ਲਿਆ ਤੇ ਵਾਪਸ ਹਿੰਦੁਸਤਾਨ ਆਪਣੇ ਮਾਂ-ਪਿਓ ਕੋਲ ਆ ਗਿਆ। ਇੱਥੇ ਆ ਕੇ ਉਸਨੇ ਸਤਿਸੰਗ ਕਰਨਾ ਸ਼ੁਰੂ ਕਰ ਦਿੱਤਾ ਤੇ ਬੜੀ ਗੰਭੀਰਤਾ ਨਾਲ ਗੁਰਮਤਿ ਦੀ ਪੜ੍ਹਾਈ ਸ਼ੁਰੂ ਕੀਤੀ। ਸਤਿਸੰਗ ਵਿਚ ਵਿਚਾਰੀ ਇੱਕ-ਇੱਕ ਗੱਲ ਨੋਟ ਕਰਦਾ ਤੇ ਜੇ ਕੋਈ ਸ਼ੰਕਾ ਰਹਿ ਜਾਏ ਤਾਂ ਬੜੇ ਪਿਆਰ ਨਾਲ ਕਿਸੇ ਗੁਰਸਿੱਖ ਕੋਲੋਂ ਪੁੱਛਦਾ, ਇਸ ਤਰ੍ਹਾਂ ਗੁਰਮਤਿ ਨੂੰ ਸਮਝਣ ਤੇ ਅਮਲ ਕਰਨ ਦੀ ਪੂਰੀ ਕੋਸ਼ਿਸ਼ ਕਰਦਾ। ਉਸ ਬਾਰੇ ਜਿਨ੍ਹਾਂ ਮੈਨੂੰ ਦੱਸਿਆ ਉਹ ਕਹਿ ਰਹੇ ਹਨ ਕਿ ਇੱਕ ਦਿਨ ਉਹ ਖੁਦ ਹੀ ਸਤਿਸੰਗ ਤੋਂ ਬਾਅਦ ਕਹਿਣ ਲੱਗਾ (ਸਤਿਸੰਗ ਗਰੁੱਪ ਵਿਚੋਂ ਕਿਸੇ ਨੇ ਵੀ ਉਸ ਤੇ ਜ਼ੋਰ ਨਹੀਂ ਸੀ ਪਾਇਆ, 'ਅੰਕਲ ਜੀ ਹੁਣ ਸਮਝ ਆ ਗਈ ਹੈ ਤੇ ਮੈਂ ਮੁੜ ਕੇਸਧਾਰੀ ਹੋ ਜਾਣਾ

ਹੈ। ਉਸ ਦਿਨ ਤੋਂ ਉਸਨੇ ਫਿਰ ਦਸਤਾਰ ਸਜਾ ਲਈ') ਕਿਉਂਕਿ ਇਹ ਗੁਰੂ ਦਾ ਹੁਕਮ ਹੈ ਤੇ ਹੁਕਮ ਮੰਨੇ ਬਗੈਰ ਕੋਈ ਕਿਵੇਂ ਸਿੱਖ ਬਣ ਸਕਦਾ ਹੈ:

***ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥*** (ਪੰਨਾ 471)

ਇਹ ਯੁਵਕ ਹੁਣ MBA ਦੀ ਤਿਆਰੀ ਕਰ ਰਿਹਾ ਹੈ ਤੇ ਦੁਨਿਆਵੀ ਪੜ੍ਹਾਈ ਦੇ ਨਾਲ-ਨਾਲ ਪ੍ਰਭੂ ਦੀ ਪੜ੍ਹਾਈ ਵੀ ਸਿੱਖ ਰਿਹਾ ਹੈ। ਭਾਈ ਸਾਹਿਬ ਕਹਿਣ ਲੱਗੇ, ਮੈਂ ਤਾਂ ਹੈਰਾਨ ਰਹਿ ਗਿਆ ਕਿ ਕਿਤਨੀ ਜਲਦੀ ਇਸ ਯੁਵਕ ਅੰਦਰ ਤਬਦੀਲੀ ਆ ਗਈ ਹੈ, ਮੇਰੇ ਵਰਗਿਆਂ ਨੂੰ ਪੰਜਾਹ ਸਾਲ ਹੋ ਗਏ ਗੁਰਦੁਆਰੇ ਜਾਂਦਿਆਂ ਪਰ ਅਜੇ ਵੀ ਮੈਂ ਗੁਰੂ ਦੇ ਹੁਕਮਾਂ ਦੀ ਉਲੰਘਣਾਂ ਕਰ ਬੈਠਦਾ ਹਾਂ, ਭਾਵੇਂ ਅੰਮ੍ਰਿਤਧਾਰੀ ਵੀ ਅਖਵਾਂਦਾ ਹਾਂ। ਸਦਕੇ ਜਾਈਏ ਐਸੇ ਨੌਜਵਾਨਾਂ ਤੋਂ ਜਿਨ੍ਹਾਂ-

***ਗੁਰਸਿਖ ਮੀਤ ਚਲਹੁ ਗੁਰਚਾਲੀ॥*** ਪੰਨਾ 667)

ਦਾ ਗੁਣ ਅਪਨਾ ਲਿਆ ਹੈ।

3. **ਇਕ ਵਿਧਵਾ ਬੀਬੀ ਜਿਸਨੇ ਸਤਿਸੰਗ ਲਈ ਆਪਣੇ ਸਕੇ ਭਰਾ ਦਾ ਸਾਥ ਛੱਡਿਆ:** ਇਕ ਨੌਜਵਾਨ ਬੀਬੀ ਜਿਸਦੀ ਸ਼ਾਦੀ ਦੇ ਕਰੀਬ ਪੰਜ ਸਾਲ ਬਾਅਦ ਹੀ ਉਸਦੇ ਜੀਵਨ ਦੀ ਸਭ ਤੋਂ ਵੱਡੀ ਦੁਰਘਟਨਾ ਘਟ ਗਈ ਜਦੋਂ ਇੱਕ ਸੜਕ ਐਕਸੀਡੈਂਟ ਵਿੱਚ ਉਸਦੇ ਪਤੀ ਦੀ ਮੌਤ ਹੋ ਗਈ। ਉਸਦੇ ਪਤੀ ਦਾ ਆਪਣੇ ਭਰਾ ਨਾਲ ਸਾਂਝਾ ਬਿਜਨਸ ਸੀ ਕੱਪੜੇ ਦਾ ਤੇ ਉਸਦੀ ਜਿਠਾਣੀ ਉਸਦੀ ਸਤਿਸੰਗੀ ਸੀ। ਪਤੀ ਦੀ ਮੌਤ ਤੋਂ ਬਾਅਦ, ਬੀਬੀ ਦੇ ਮਾਤਾ-ਪਿਤਾ ਤੇ ਭਰਾ ਉਸਨੂੰ ਸੁਸਰਾਲ ਤੋਂ ਪੁਟ ਕੇ ਲੁਧਿਆਣੇ ਲੈ ਗਏ ਤੇ ਭਰਾ ਦੇ ਬਿਜਨਸ ਵਿਚ ਉਸਨੂੰ ਪਾਰਟਨਰ ਬਣਾ ਦਿੱਤਾ ਤਾਂ ਜੋ ਉਹ ਆਪਣੇ ਤਿੰਨ ਛੋਟੇ-ਛੋਟੇ ਬੱਚਿਆਂ ਦੀ ਪਰਵਰਿਸ਼ ਕਰ ਸਕੇ। ਉਥੇ ਉਸਨੂੰ ਕੋਈ ਕਮੀ ਨਹੀਂ ਸੀ- ਰਹਿਣ ਲਈ ਮਕਾਨ, ਚੰਗਾ ਬਿਜਨਸ, ਬੱਚੇ ਸਕੂਲਾਂ ਵਿਚ ਦਾਖਲ ਕਰਵਾ ਦਿੱਤੇ ਗਏ। ਪਰ ਫਿਰ ਵੀ ਉੱਥੇ ਉਸਦਾ ਸਾਹ ਘੁੱਟਦਾ ਸੀ। ਕਿਉਂਕਿ ਆਤਮਾ ਦੀ ਖੁਰਾਕ ਨਹੀਂ ਸੀ ਮਿਲਦੀ। ਭਰਾ-ਭਰਜਾਈ ਨੂੰ ਪ੍ਰਭੂ ਦਾ ਕੋਈ ਸ਼ੌਕ ਨਹੀਂ ਸੀ, ਸੁ ਸਤਿਸੰਗ ਦੀ ਘਾਟ ਕਰਕੇ ਉਸਦਾ ਮਨ ਰੋਂਦਾ ਸੀ। ਆਖਿਰ ਸਾਲ ਬਾਅਦ ਉਸ ਵਿਧਵਾ ਬੀਬੀ ਨੇ ਉਹ ਫੈਸਲਾ ਕਰ ਲਿਆ ਜੋ ਇਤਨੀ ਜਲਦੀ ਕੋਈ ਆਦਮੀ ਵੀ ਨਾ ਕਰ ਸਕੇ। ਚੰਗਾ ਭਲਾ ਬਿਜਨਸ ਤੇ ਮਾਤਾ-ਪਿਤਾ, ਭਰਾ-ਭਰਜਾਈ ਸਭ ਨੂੰ ਛੱਡ ਕੇ ਉਹ ਆਪਣੇ ਪਤੀ ਦੇ ਪੁਰਾਣੇ ਸ਼ਹਿਰ ਵਾਪਸ ਆ ਗਈ ਕੇਵਲ ਇਸ ਲਈ ਕਿ ਉੱਥੇ ਉਸ ਨੂੰ ਗੁਰੂ ਦੀ ਸੰਗਤ ਦੇ ਦਾਇਰੇ ਵਿਚ ਰਹਿ ਕੇ ਸਤਿਸੰਗ ਦਾ ਸੁਭਾਗ ਮਿਲੇਗਾ। ਉਹ ਹੁਣ ਆਪਣੇ ਜੇਠ-ਜਿਠਾਣੀ ਦੇ ਮਕਾਨ ਦੇ ਇਕ ਹਿੱਸੇ ਵਿੱਚ ਰਹਿੰਦੀ ਹੈ ਤੇ ਭਰਾ ਕੋਲੋਂ ਹਰ ਮਹੀਨੇ ਉਸਨੂੰ ਜੋ ਖਰਚ ਮਿਲਦਾ ਹੈ (ਉਸਦੀ ਬਿਜਨਸ ਵਿਚ ਲਾਈ ਪੂੰਜੀ investment ਦੇ ਇਵਜ਼ ਵਿੱਚ) ਉਸ 'ਚੋਂ ਦਸਵੰਧ ਕੱਢ ਕੇ ਅਪਣਾ ਤੇ ਆਪਣੇ ਬੱਚਿਆਂ ਦਾ ਜੀਵਨ ਪਾਲਦੀ ਹੈ ਤੇ ਗੁਰੂ ਗ੍ਰੰਥ ਸਾਹਿਬ ਦਾ ਲੱਖ-ਲੱਖ ਸ਼ੁਕਰ ਕਰਦੀ ਹੈ ਜਿਨ੍ਹਾਂ ਉਸਨੂੰ ਇਹ ਸ਼ਕਤੀ ਤੇ ਸੋਝੀ ਬਖਸ਼ੀ ਕਿ ਜਦੋਂ 'ਨਾਮ' (ਗੁਰਮਤਿ ਜੀਵਨ) ਤੇ 'ਮਾਇਆ' ਚੋਂ ਚੁਨਣ ਦਾ ਵੇਲਾ ਆਇਆ ਤਾਂ ਗੁਰੂ ਕਿਰਪਾ ਸਦਕਾ ਉਸ ਨਾਮ ਦਾ ਮਾਰਗ ਚੁਣਨ ਵਿੱਚ ਦੇਰ ਨਹੀਂ ਲਾਈ।

4. **ਇੱਕ ਨੌਜਵਾਨ ਬੇਟੀ ਜਿਸ ਗੁਰਸਿੱਖੀ ਅਸੂਲਾਂ ਲਈ ਰਿਸ਼ਤਾ ਠੁਕਰਾ ਦਿੱਤਾ:** ਇਕ ਯੁਵਾ ਬੇਟੀ ਜੋ ਅੰਮ੍ਰਿਤਧਾਰੀ ਹੈ ਤੇ ਕਈ ਵਰ੍ਹਿਆਂ ਤੋਂ ਲਗਾਤਾਰ ਪ੍ਰਤੀਦਿਨ ਅੰਮ੍ਰਿਤ ਵੇਲਾ ਕਰਦੀ ਹੈ, ਤੇ ਅੰਮ੍ਰਿਤ ਵੇਲੇ ਗੁਰਬਾਣੀ ਵਿਚਾਰ ਰਾਹੀਂ ਅੰਮ੍ਰਿਤ ਦਾ ਰਸ ਪੀਂਦੀ ਹੈ ਤੇ ਇਸ ਤਰ੍ਹਾਂ ਆਪਣੇ ਅੰਦਰੋਂ ਪ੍ਰਾਪਤ ਨਾਮ ਰਸ ਦਾ ਅੰਮ੍ਰਿਤ ਹੋਰਨਾਂ ਨੂੰ ਵੀ ਵੰਡਦੀ ਹੈ। ਆਪਣੇ ਅਮਲੀ ਜੀਵਨ ਦੇ ਉਦਾਹਰਣ ਰਾਹੀਂ। ਦੁਨਿਆਵੀ ਪੜ੍ਹਾਈ ਵਿੱਚ ਵੀ ਉਹ ਪਿੱਛੇ ਨਹੀਂ, MA (Economics) ਕੀਤੀ ਹੋਈ ਹੈ। ਉਸਦੇ ਰਿਸ਼ਤੇ ਦੀ ਜਦੋਂ ਕਿਤੇ ਗੱਲਬਾਤ ਚੱਲੀ ਤਾਂ ਉਸਨੇ ਸਪਸ਼ਟ ਕਰ ਦਿੱਤਾ ਕਿ ਜੇ ਹੇਠਲੀਆਂ ਸ਼ਰਤਾਂ ਨਾ ਮੰਨੀਆਂ ਤਾਂ ਉਹ ਇਸ ਰਿਸ਼ਤੇ ਲਈ ਮੰਜ਼ੂਰੀ ਨਹੀਂ ਦੇਵੇਗੀ:

- ਵਿਆਹ ਅੰਮ੍ਰਿਤ ਵੇਲੇ ਹੋਵੇਗਾ।
- ਬਾਰਾਤ ਵਿੱਚ ਕੇਵਲ ਨਜ਼ਦੀਕੀ ਰਿਸ਼ਤੇਦਾਰ (10-15 ਤੋਂ ਵੱਧ ਨਹੀਂ) ਆਉਣਗੇ।
- ਨਾ ਬੈਂਡ ਵਜੇਗਾ, ਨਾ ਕੋਈ ਭੰਗੜਾ ਪਾਏਗਾ, ਨਾ ਕੋਈ ਸ਼ਰਾਬ ਦੀ ਵਰਤੋਂ ਕਰੇਗਾ।
- ਦਹੇਜ ਦੀ ਕੋਈ ਮੰਗ ਨਹੀਂ ਕਰੇਗਾ।

ਇਹ ਸ਼ਰਤਾਂ ਸੁਣ ਲੜਕੇ ਵਾਲੇ ਜਿਨ੍ਹਾਂ ਨੂੰ ਵੈਸੇ ਲੜਕੀ ਪਸੰਦ ਸੀ ਪਿੱਛੇ ਹਟ ਗਏ ਪਰ ਲੜਕੀ ਸ਼ਾਦੀ ਲਈ ਅਸੂਲਾਂ ਨਾਲ ਸਮਝੌਤਾ ਕਰਨ ਲਈ ਤਿਆਰ ਨਹੀਂ ਹੋਈ ਤੇ ਮਾਂ-ਪਿਉ ਨੂੰ ਕਹਿ ਦਿੱਤਾ ਕਿ ਮੈਂ ਗੁਰੂ ਦੇ ਅਸੂਲਾਂ ਤੋਂ ਹਟ ਕੇ ਵਿਆਹ ਲਈ ਤਿਆਰ ਨਹੀਂ। ਧੰਨ ਹਨ ਉਹ ਨੌਜਵਾਨ ਜਿਨ੍ਹਾਂ ਅੰਦਰ ਸਿੱਖੀ ਅਸੂਲਾਂ ਲਈ ਇਤਨਾ ਪਿਆਰ ਹੈ।

5. **ਕੇਸਧਾਰੀ ਬਣਨ ਲਈ ਇੱਕ ਨੌਜਵਾਨ ਨੇ ਆਪਣਾ ਘਰ ਛੱਡ ਦਿੱਤਾ**: 1984 ਦੇ ਸਿੱਖ ਦੰਗਿਆਂ ਤੋਂ ਬਾਅਦ ਇੱਕ ਸਿੱਖ ਪਰਿਵਾਰ ਨੇ ਆਪਣੇ ਇਕਲੌਤੇ ਪੁੱਤਰ (ਜੋ ਉਸ ਵੇਲੇ ਬਹੁਤ ਛੋਟਾ ਸੀ) ਦੇ ਕੇਸ ਕਤਲ ਕਰਵਾ ਦਿੱਤੇ। ਪ੍ਰਭੂ ਦਾ ਐਸਾ ਭਾਣਾ ਵਰਤਿਆ ਕਿ ਜਦੋਂ ਉਹ ਬੱਚਾ ਵੱਡਾ ਹੋਇਆ ਉਸਨੂੰ ਸਤਿਸੰਗਤ ਦਾ ਦਾਇਰਾ ਪ੍ਰਾਪਤ ਹੋ ਗਿਆ ਤੇ-

***ਸਾਧਸੰਗਿ ਮਨ ਸੋਵਤ ਜਾਗੈ॥ ਤਬ ਪ੍ਰਭ ਨਾਨਕ ਮੀਠੇ ਲਾਗੇ॥*** (ਪੰਨਾ 386)

ਦੇ ਮਹਾਂਵਾਕ ਅਨੁਸਾਰ ਉਸ ਅੰਦਰ ਗੁਰਸਿੱਖੀ ਜ਼ਜਬਾ ਤੇ ਗੁਰੂ ਪਿਆਰ ਫੁਟ ਪਏ। ਉਸਨੇ ਆਪਣੇ ਮਾਤਾ-ਪਿਤਾ ਕੋਲੋਂ ਕੇਸ ਰੱਖਣ ਦੀ ਇਜ਼ਾਜਤ ਮੰਗੀ ਪਰ ਪਿਤਾ ਉਸਨੂੰ ਕਿਸੇ ਹਾਲਤ ਵਿਚ ਇਹ ਮੰਜ਼ੂਰੀ ਦੇਣ ਲਈ ਤਿਆਰ ਨਹੀਂ ਸੀ। ਕੁਝ ਅਰਸੇ ਬਾਅਦ ਜਦੋਂ ਉਸ ਨੌਜਵਾਨ ਨੇ ਵੇਖਿਆ ਕਿ ਉਸਦਾ ਪਿਤਾ ਉਸਨੂੰ ਕੇਸ ਰੱਖਣ ਦੀ ਇਜ਼ਾਜਤ ਨਹੀਂ ਦੇਵੇਗਾ ਤਾਂ ਗੁਰਬਾਣੀ ਤੋਂ ਪ੍ਰਾਪਤ ਆਤਮਬਲ ਨਾਲ ਉਸ ਫੈਸਲਾ ਕਰ ਲਿਆ ਕਿ ਹੁਣ ਉਹ ਐਸਾ ਘਰ ਹੀ ਛੱਡ ਦੇਵੇਗਾ ਜਿੱਥੇ ਰਹਿ ਕੇ ਉਹ ਗੁਰੂ ਵਾਲਾ ਹੀ ਨਹੀਂ ਬਣ ਸਕਦਾ। ਇਸ ਤਰ੍ਹਾਂ ਉਹ ਇੱਕ ਦਿਨ Computer Class ਕਰਨ ਗਿਆ ਵਾਪਸ ਨਹੀਂ ਆਇਆ, ਕਈ ਘੰਟੇ ਬੀਤ ਗਏ ਤਾਂ ਮਾਂ-ਪਿਓ ਲੱਗੇ ਭਾਲਣ। ਉਸਦੇ ਬਿਸਤਰ ਤੋਂ ਇਕ ਨੋਟ ਮਿਲਿਆ ਜਿਸ ਵਿੱਚ ਲਿਖਿਆ ਸੀ ਕਿ ਉਹ ਹੁਣ ਹਮੇਸ਼ਾਂ ਲਈ ਇਹ ਘਰ ਛੱਡ ਕੇ ਜਾ ਰਿਹਾ ਹੈ। ਮਾਂ ਤਾਂ ਇਹ ਨੋਟ ਵੇਖ ਕੇ ਬਹੁਤ ਘਬਰਾ ਗਈ ਕਿ ਆਪਣਾ ਇਕਲੌਤਾ ਪੁੱਤਰ ਗੁਆ ਬੈਠੀ ਹਾਂ ਪਤੀ ਦੀ ਜਿੱਦ ਕਰਕੇ, ਤੇ ਪਿਉ ਵੀ ਹਿੱਲ ਗਿਆ ਕਿ ਉਸਦੀ ਹਠਧਰਮੀ ਕਾਰਨ ਹੀ ਐਸਾ ਹੋਇਆ ਹੈ। ਸਾਰੇ ਪਾਸੇ ਖੋਜ ਸ਼ੁਰੂ ਹੋ ਗਈ, ਪ੍ਰਭੂ ਕਿਰਪਾ, ਦੂਜੇ ਦਿਨ ਖਬਰ ਮਿਲੀ ਕਿ ਲੜਕਾ ਰਾਇਪੁਰ ਆਪਣੀ ਭੂਆ ਕੋਲ ਪਹੁੰਚ ਗਿਆ ਹੈ। ਘਰ ਵਾਲਿਆਂ ਦਾ ਰੁਕਿਆ ਸਾਹ ਚਲ ਪਿਆ। ਪਿਉ ਨੇ ਲੜਕੇ ਨਾਲ ਫੋਨ ਤੇ ਗੱਲ ਕੀਤੀ ਤੇ ਜਲਦੀ ਘਰ ਵਾਪਸ ਆਉਣ ਲਈ ਕਿਹਾ। ਲੜਕੇ ਨੇ ਸਾਫ ਕਹਿ ਦਿੱਤਾ ਜਿੰਨਾ ਚਿਰ ਆਪ ਮੈਨੂੰ ਕੇਸ ਰੱਖਣ ਦੀ ਪਰਵਾਨਗੀ ਨਹੀਂ ਦੇਂਦੇ ਮੈਂ ਘਰ ਵਾਪਸ ਨਹੀਂ ਆਵਾਂਗਾ। 'ਮਰਤਾ ਕਿਆ ਨਾ ਕਰਤਾ' ਦੀ ਕਹਾਵਤ ਵਾਂਗ ਪਿਉ ਫਟਾਫਟ ਮੰਨ ਗਿਆ ਤੇ ਕਿਹਾ ਜਿਵੇਂ ਤੇਰੀ ਮਰਜ਼ੀ ਤੂੰ ਕਰ ਸਕਦਾ ਹੈਂ। ਇਸ ਤਰ੍ਹਾਂ ਪ੍ਰਭੂ ਮਾਰਗ (ਸੱਚ) ਤੇ ਚੱਲਣ ਦੀ ਦ੍ਰਿੜਤਾ ਅੱਗੇ ਝੂਠੀ ਮੋਹ ਮਮਤਾ ਨੂੰ ਹਾਰਨਾ ਪਿਆ।

ਪ੍ਰਭੂ ਕਿਰਪਾ ਕਰਨ, ਸੋਝੀ, ਸੁਮਤਿ, ਸ਼ੌਕ ਤੇ ਸ਼ਕਤੀ ਪ੍ਰਦਾਨ ਕਰਨ ਕਿ ਐਸੇ ਗੁਰੂ ਪਿਆਰਿਆਂ ਦੀ ਕਰਨੀ ਤੋਂ ਪ੍ਰਭਾਵਿਤ ਹੋ ਕੇ ਮੈਂ ਵੀ ਗੁਰਮਤਿ ਮਾਰਗ ਦਾ ਪਾਂਧੀ ਬਣ ਸਕਾਂ ਤੇ ਇਸ ਲਈ ਨਿਰੰਤਰ ਅਰਦਾਸ ਕਰਦਾ ਰੁਵਾਂ:

***ਨਾਨਕੁ ਏਕ ਕਰੈ ਅਰਦਾਸਿ॥***
***ਵਿਸਰੁ ਨਾਹੀ ਪੂਰਨ ਗੁਣਤਾਸਿ॥*** (ਪੰਨਾ 742)


Communication Centre
Formal Restaurants
Exhibition Rooms
Accommodation
Informal Eating
Tours & Travels
Conferencing
Floral Shop
Seminars

THE AROMA
**Sector: 22 - C, Chandigarh,**
**Ph.:** 700045-48 **Fax :** 0172-700051
**E-mail :** hotelaroma@glide.net.in
**Website :** www.hotelaroma.com

Premium Event Centre
Millennium Centre
Deliberations
Abhinandan
Exporama
Mind Set
Art Craft
Phulkari

*Metres and metres of endless possibilities*

# ਸਾਡਾ ਵਿਰਸਾ

## ਪ੍ਰੋ: ਨਰਿੰਦਰ ਸਿੰਘ

956, 3ਬੀ-2, ਮੁਹਾਲੀ

**ਸਾਡਾ ਵਿਰਸਾ 7: ਕੀਰਤਨ ਵਿੱਚ ਜੋੜੀ ਦੀ ਵਰਤੋਂ:**

ਕੀਰਤਨ ਸਮੇਂ ਦੋ-ਢੋਲਕ ਸਾਜ਼ ਜਿਸਨੂੰ ਇੱਕੋ ਵਜੰਤਰੀ ਵਜਾਉਂਦਾ ਹੈ, ਨੂੰ ਤਬਲਾ ਜਾਂ ਜੋੜੀ ਆਖਦੇ ਹਨ। ਛੋਟੇ ਆਕਾਰ ਦੀ, ਕਾਲੀ ਸਿਆਹੀ ਵਾਲੀ ਢੋਲਕ ਨੂੰ 'ਪੁੜਾ' ਤੇ ਦੂਸਰੇ ਨੂੰ 'ਧਾਮਾ' ਜਾਂ 'ਡੁੱਗੀ' ਦਾ ਨਾਮ ਦਿੱਤਾ ਹੋਇਆ ਹੈ। ਕੋਈ 50 ਸਾਲ ਪਹਿਲਾਂ, ਧਾਮੇ ਦੇ ਵਿਚਕਾਰ ਵਾਲੀ ਥਾਂ ਉਪਰ ਗੁੰਨ੍ਹੇ ਹੋਏ ਆਟੇ ਦਾ ਲੇਪ ਕਰਕੇ ਇਸ ਨੂੰ ਵਜਾਇਆ ਜਾਂਦਾ ਸੀ। ਅੱਜ ਕੱਲ੍ਹ ਧਾਮੇ ਦੀ ਥਾਂ, ਇਸ ਤੋਂ ਘੱਟ ਉੱਚੀ ਪਰ ਚੌੜਾਈ ਵਿੱਚ ਥੋੜ੍ਹੀ ਵੱਡੇ ਆਕਾਰ ਦੀ ਢੋਲਕ ਪ੍ਰਚੱਲਤ ਹੋ ਗਈ ਹੈ। ਇਸ ਉੱਪਰ ਆਟਾ ਨਹੀਂ ਲਗਾਉਣਾ ਪੈਂਦਾ। ਪੁੜੇ ਵਾਂਗ ਇਸ ਉੱਪਰ ਵੀ ਕਾਲੀ ਸਿਆਹੀ ਦਾ ਪੱਕਾ ਲੇਪ ਕੀਤਾ ਹੁੰਦਾ ਹੈ। ਇਸ ਢੋਲਕ ਨੂੰ 'ਡੁੱਗੀ' ਆਖਦੇ ਹਨ।

ਪੁਰਾਤਨ ਸਮੇਂ ਵਿੱਚ (ਕੋਈ 50-60 ਸਾਲ ਪਹਿਲਾਂ), ਜੋੜੀ ਵਿੱਚ ਪੁੜਾ ਤੇ ਧਾਮਾ ਹੀ ਵਰਤੇ ਜਾਂਦੇ ਸਨ। ਜਦੋਂ ਧਾਮੇ ਉੱਪਰ ਖੁੱਲ੍ਹਾ ਹੱਥ (ਉਪਰੋਂ ਥੱਲੇ ਲਿਆ ਕੇ) ਮਾਰਿਆ ਜਾਂਦਾ ਹੈ ਤਾਂ ਇਸ ਵਿੱਚੋਂ ਇੱਕ ਧਮਕ ਜਾਂ ਗੂੰਜ ਉਠਦੀ ਹੈ ਜੋ ਡੁੱਗੀ ਵਿਚੋਂ ਪੈਦਾ ਉਠਦੀ। ਤੋੜੇ ਅਤੇ ਥਾਪਾਂ ਆਦਿ ਵਜਾਉਣ ਲਈ ਧਾਮੇ ਅਤੇ ਪੁੜੇ, ਦੋਹਾਂ ਨੂੰ ਇਕੱਠਾ ਵਜਾਇਆ ਜਾਂਦਾ ਹੈ। ਥਾਪਾਂ ਤੇ ਤੋੜੇ ਆਦਿ ਕੀਰਤਨ ਦੇ ਹੁਨਰੀ ਰਾਗ-ਰਸ ਨੂੰ ਦਿਲ ਖਿੱਚਵਾਂ ਬਣਾਉਂਦੇ ਹਨ। ਤੋੜਿਆਂ ਆਦਿ ਦੀ ਉਹ ਗੂੰਜ ਡੁੱਗੀ ਵਿੱਚੋਂ ਨਹੀਂ ਉਠਦੀ ਜੋ ਕਿ ਧਾਮੇ ਤੋਂ ਉਪਜਦੀ ਹੈ। ਅੱਜ ਕੱਲ੍ਹ ਕੀਰਤਨੀਏ ਧਾਮੇ ਦੀ ਥਾਂ ਪੁੜੇ ਦੇ ਨਾਲ ਡੁੱਗੀ ਵਜਾਉਣਾ ਪਸੰਦ ਕਰਦੇ ਹਨ- ਸ਼ਾਇਦ ਇਸ ਲਈ ਕਿ ਧਾਮੇ ਉੱਪਰ ਆਟਾ ਮਲਣ ਦੀ ਮੁਥਾਜੀ ਹਟ ਜਾਂਦੀ ਹੈ।

ਡੁੱਗੀ ਦੀ ਵਰਤੋਂ ਕਾਰਨ ਕੀਰਤਨ ਵਿੱਚ ਤੋੜੇ, ਥਾਪਾ ਤੇ ਧਰੁਪਦਾਂ ਅਤੇ ਹੋਰ ਖੁੱਲ੍ਹੇ ਹੱਥਾਂ ਨਾਲ ਵਜਣ ਵਾਲੇ ਬੋਲ ਵੀ ਅਲੋਪ ਹੋ ਗਏ ਹਨ। ਕੀਰਤਨ ਵਿੱਚੋਂ ਰਾਗ ਤੇ ਤਾਲ ਦਾ ਮਿਲਵਾਂ ਰਸ ਅਲੋਪ ਹੋ ਰਿਹਾ ਹੈ ਤੇ ਡੁੱਗੀ ਕਾਰਨ ਸ਼ਿੰਗਾਰ ਰਸ ਜਾਂ ਨਾਟਕੀ ਰਸ ਦਾ ਵਿਖਾਵਾ ਵਧੇਰੇ ਆ ਗਿਆ ਹੈ। ਕੀਰਤਨੀਆਂ ਪ੍ਰਤੀ ਬੇਨਤੀ ਹੈ, ਜੋ ਆਪਣੇ ਵਿਰਸੇ ਵਿੱਚ ਆਏ ਧਾਮੇ ਦੀ ਵਰਤੋਂ ਨੂੰ ਸੁਰਜੀਤ ਰੱਖਣ, ਤਾਂ ਜੋ ਕੀਰਤਨ ਦੇ ਹੁਨਰੀ ਰਾਗ-ਰਸ (Artful Music) ਵਿੱਚ ਤੋੜੇ, ਥਾਪਾਂ, ਪੜਤਾਲਾਂ, ਸੁਧੰਗਾਂ ਆਦਿ ਦਾ ਵਿਰਸਾ ਜਾਰੀ ਰਵ੍ਹੇ ਅਤੇ ਇਹ ਵਜਦੀਆਂ ਰਹਿਣ।

ਆਸਾ ਦੀ ਵਾਰ ਵਿੱਚ ਸਲੋਕ ਅਤੇ ਪਉੜੀ ਦੀ ਥਾਪ, ਜੋ ਖੁੱਲ੍ਹੇ ਹੱਥਾਂ ਨਾਲ 'ਤਿਟ ਤਾ, ਗੇ ਤਾ ਗੇ। ਤਿਟ ਤਾ, ਗੇ ਤਾ ਗੇ' ਅਤੇ 'ਤਿਟ ਕਿਤਾ ਗਿਧੀ ਗਿਨਾ ਧਾ ਧਾ' ਆਦਿ ਦੇ ਸਬੰਧਤ ਤੋੜੇ ਖਿਆਲਾਂ ਦੇ ਬੋਲ ਸੁਣਨੇ (ਵੱਜਣੇ) ਭੁੱਲੀ ਜਾ ਰਹੇ ਹਨ। ਕੀਰਤਨੀਏ ਇਸ ਪਰੰਪਰਾ ਨੂੰ ਵਿਚਾਰਨ, ਬਲਕਿ ਇਸ ਨੂੰ ਸੁਰਜੀਤ ਰੱਖਣ; ਇਹ ਇੱਕ ਸੁਝਾਅ ਹੈ ਜੀ।

ਮੇਰੇ ਪਿਤਾ ਪ੍ਰੋ: ਕਰਤਾਰ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਜਵਾਲਾ ਸਿੰਘ ਜੀ ਠਟੇ ਟਿੱਬੇ ਵਾਲੇ ਜੋ, ਪੰਥ ਸੁਪ੍ਰਸਿੱਧ ਰਾਗੀ ਹੋਏ ਹਨ, ਦਾ ਸਬੰਧ ਪਿਛਲੀ ਸਦੀ ਦੇ ਤੀਹਵੇਂ ਦਹਾਕੇ (ਲਗਭਗ 1930) ਤੋਂ ਹੈ। ਭਾਈ ਸਾਹਿਬ ਹਰ ਸਾਲ ਸੰਤ ਬਾਬਾ ਨੰਦ ਸਿੰਘ ਜੀ ਪਾਸ ਕਲੇਰਾਂ ਜਾਂਦੇ ਹੋਏ ਸਾਡੇ ਗ੍ਰਿਹਿ ਲੁਧਿਆਣੇ ਵਿਚ ਕੁਝ ਦਿਨ ਅੰਮ੍ਰਿਤ ਵੇਲੇ ਦਾ ਕੀਰਤਨ ਕਰਿਆ ਕਰਦੇ ਸਨ। ਉਦੋਂ ਉਹਨਾਂ ਦੇ ਦੋ ਹੋਨਹਾਰ ਸ਼ਹਿਜਾਦੇ, ਵੱਡੇ ਭਾਈ ਗੁਰਚਰਨ ਸਿੰਘ ਜੀ ਅਤੇ ਛੋਟੇ ਭਾਈ ਅਵਤਾਰ ਸਿੰਘ ਜੀ, ਜੋ ਉਸ ਸਮੇਂ ਬਚਪਨ ਦੀ ਅਵਸਥਾ ਵਿਚ ਸਨ, ਆਪਣੇ ਪਿਤਾ ਜੀ ਨਾਲ ਸ਼ਬਦ ਕੀਰਤਨ ਤੇ ਬੈਠਦੇ ਸਨ। ਭਾਈ ਅਵਤਾਰ ਸਿੰਘ ਜੀ ਤਾਊਸ ਵਜਾਇਆ ਕਰਦੇ ਸਨ। (ਤਾਊਸ ਗਜ਼ ਨਾਲ ਵਜਾਉਣ ਵਾਲਾ ਇੱਕ ਤੰਤੀ ਸਾਜ਼ ਹੈ ਜਿਸ ਦੀ ਆਵਾਜ਼ ਮੋਰ ਨਾਲ ਮਿਲਦੀ ਹੈ। ਫਾਰਸੀ ਵਿਚ ਮੋਰ ਨੂੰ 'ਤਾਊਸ' ਆਖਦੇ ਹਨ ਅਤੇ ਇੱਥੋਂ ਹੀ ਇਸ ਸਾਜ਼ ਦਾ ਨਾਮ ਵੀ ਪਿਆ ਹੈ।) ਭਾਈ ਅਵਤਾਰ ਸਿੰਘ ਜੀ ਪਾਸ ਲਕੜੀ ਦੀ

ਬਣੀ ਹੋਈ ਇੱਕ ਠੁਮਣੀ ਜਿਹੀ ਹੁੰਦੀ ਸੀ। ਇਸ ਦੀ ਸ਼ਕਲ ਮੋਰ ਦੇ ਸਿਰ ਵਰਗੀ ਹੁੰਦੀ ਸੀ। ਤਾਊਸ ਵਜਾਉਣ ਵੇਲੇ ਉਹ ਇਸ ਮੋਰ ਦੀ ਠੁਮਣੀ ਨੂੰ ਆਪਣੇ ਤਾਊਸ ਦੇ ਤੂੰਬੇ ਤੇ ਫਿਟ ਕਰਕੇ ਤਾਊਸ ਨੂੰ ਵਜਾਉਂਦੇ ਬੜੇ ਖੇੜੇ ਵਿਚ ਹੁੰਦੇ ਸਨ। ਹੁਣ ਭਾਈ ਅਵਤਾਰ ਸਿੰਘ ਜੀ (ਦਿੱਲੀ ਵਾਲੇ) ਪੰਥ ਦੇ ਸੁਪ੍ਰਸਿੱਧ ਰਾਗੀ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲੇ ਨੇ ਇਨ੍ਹਾਂ ਦੀਆਂ ਪੁਰਾਤਨ ਅਮੋਲਕ ਗੀਤਾਂ ਦੀਆਂ ਕੈਸਟਾਂ ਅਤੇ ਪੁਸਤਕਾਂ ਵੀ ਬਣਵਾਈਆਂ ਹਨ, ਤਾਂ ਜੋ ਇਹ ਗੀਤਾਂ ਸਮੇਂ ਦੀ ਰਫਤਾਰ ਨਾਲ ਅਲੋਪ ਨਾ ਹੋ ਜਾਣ।

ਪਿਛਲੇ ਸਾਲ ਮੇਰੇ ਵੱਡੇ ਭਰਾ, ਸ੍ਰ. ਜਗਤੇਸ਼ਵਰ ਸਿੰਘ ਜੀ ਨੇ ਭਾਈ ਅਵਤਾਰ ਸਿੰਘ ਜੀ ਪਾਸੋਂ ਸ਼ਬਦ ਕੀਰਤਨ ਵਿਚ 'ਧਾਮੇ' ਦੀ ਵਰਤੋਂ (ਜਿਸ ਨੂੰ ਅੱਜ ਦੇ ਕੀਰਤਨੀਏ ਤਿਲਾਂਜਲੀ ਦੇ ਚੁੱਕੇ ਹਨ।) ਬਾਰੇ ਪੁਛ ਭੇਜਿਆ। ਭਾਈ ਸਾਹਿਬ ਜੀ ਦਾ ਇਸ ਬਾਰੇ ਜੋ ਵਿਚਾਰ ਪੁੱਜਾ ਉਸ ਦੀ ਕਾਪੀ ਹੇਠਾਂ ਦਿੱਤੀ ਜਾ ਰਹੀ ਹੈ:

> ੧ਓ
>
> ਪਰਮ ਸਤਿਕਾਰਯੋਗ ਪਿਆਰੇ ਵੀਰ ਸ੍ਰ. ਜਗਤੇਸ਼ਵਰ ਸਿੰਘ ਜੀ
>
> ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।
>
> ਬੇਨਤੀ ਹੈ ਆਪ ਜੀ ਦਾ 21-4-2001 ਦਾ ਲਿਖਿਆ ਕਾਰਡ ਮਿਲਿਆ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ, ਚਿੱਠੀ ਲਿਖਣ ਨੂੰ ਦੇਰੀ ਹੋਈ ਹੈ ਖਿਮਾਂ ਦਾ ਜਾਚਕ ਹਾਂ। ਆਪ ਜੀ ਨੇ ਜੋ ਆਟੇ ਵਾਲੇ ਧਾਮੇ ਬਾਰੇ ਲਿਖਿਆ ਹੈ ਠੀਕ ਹੈ, ਜਵੱਦੀ ਕਲਾਂ ਸੰਤ ਬਾਬਾ ਸੁੱਚਾ ਸਿੰਘ ਜੀ ਦੇ ਕੀਰਤਨ ਦਰਬਾਰਾਂ ਵਿਚ ਧਾਮਾ ਹੀ ਵਜਦਾ ਰਿਹਾ ਹੈ, ਅੱਜ ਰਾਤ ਦੀ ਫਲਾਈਟ USA ਜਾ ਰਹੇ ਹਾਂ। ਆਟੇ ਵਾਲਾ ਧਾਮਾਂ ਹੀ ਨਾਲ ਲੈਂ ਜਾ ਰਹੇ ਹਾਂ, ਖਾਸ ਕਰ ਪੜਤਾਲਾਂ ਧਰੁਪਦਾਂ ਨਾਲ ਧਾਮੇ ਨਾਲ ਹੀ ਖੁੱਲੇ ਬੋਲ ਫਬਦੇ ਹਨ, ਸ੍ਰੀ ਹਰਿਮੰਦਰ ਸਾਹਿਬ ਜੀ ਅੰਮ੍ਰਿਤਸਰ ਵਿਚ ਰੇਡੀਓ ਵਾਲੇ ਤੇ TV ਵਾਲੇ ਇਤਰਾਜ ਕਰਦੇ ਹਨ, ਖੁੱਲੇ ਬੋਲ ਵਜਾਉਣ ਨਹੀਂ ਦਿੰਦੇ। ਤੁਸਾਂ ਬਹੁਤ ਕਿਰਪਾ ਕੀਤੀ ਜੋ ਚਿੱਠੀ ਰਾਹੀਂ ਪੁਰਾਣੀ ਯਾਦ ਤਾਜ਼ਾ ਕਰਵਾਈ, ਬਹੁਤ ਬਹੁਤ ਧੰਨਵਾਦ। ਵੱਡੇ ਭਾਈ ਸਾਹਿਬ, ਭਾਈ ਗੁਰਚਰਨ ਸਿੰਘ ਜੀ ਜੂਨ ਵਿਚ ਕੈਨੇਡਾ ਜਾ ਰਹੇ ਹਨ, ਗੁਰੂ ਕਿਰਪਾ ਨਾਲ ਸਭ ਰਾਜੀ ਖੁਸ਼ੀ ਹਨ, USA ਤੋਂ ਵਾਪਸ ਆਣ ਕੇ ਆਪ ਜੀ ਦੇ ਦਰਸ਼ਨ ਕਰਾਂਗੇ।
>
> ਸਭ ਪਰਿਵਾਰ ਨੂੰ ਸਨਿਮਰ ਗੁਰੂ ਫਤਹਿ।
>
> ਗੁਰੂ ਪੰਥ ਦਾ ਦਾਸ
>
> ਅਵਤਾਰ ਸਿੰਘ ਰਾਗੀ, ਦਿੱਲੀ - 21/5/2001

ਇਹਨਾਂ ਵਿਚਾਰਾਂ ਦੇ ਅਧੀਨ ਕੀਰਤਨੀਆਂ ਅਥਵਾ ਸਭ ਰਾਗੀ ਸਿੰਘ ਨੂੰ ਸੁਝਾਅ ਹੈ ਕਿ ਸਮੇਂ ਦੀ ਮੰਗ ਅਨੁਸਾਰ, ਭਾਵੇਂ ਤਬਲੇ ਵਿਚ ਜੁਗ ਜੁਗ ਡੁਗੀਆਂ ਵਜਾਵੋ ਪਰ ਬਜ਼ੁਰਗ ਬਾਬੇ ਧਾਮੇ ਨੂੰ ਤਲਾਕ ਦੇ ਕੇ ਘਰੋਂ ਹੀ ਨਾ ਕੱਢ ਦੇਵੋ। ਇਸ ਧਾਮੇ ਨੇ ਸਾਡੀ ਬਹੁਤ ਸੇਵਾ ਕੀਤੀ ਹੈ ਤੇ ਰੰਗ ਲਾਏ ਹਨ। ਜੇ ਇਸ ਦੇ ਬੋਲਾਂ ਤੋਂ ਅਸੀਂ ਅਨਜਾਣ ਹੋ ਚੁੱਕੇ ਹਾਂ ਤਾਂ ਇਸ ਦਾ ਹੁਨਰ ਭੀ ਸਿੱਖੀਏ। ਇਸ ਦੀ ਮਾਨਤਾ ਕਾਇਮ ਰੱਖੀਏ। ਹੁਣ ਭੀ ਕੀਰਤਨ ਵਿਚ ਪੁਰਾਤਨ ਗੂੰਜਾਂ ਤੇ ਰਸ ਬਾਬਾ ਧਾਮਾ ਸਾਨੂੰ ਦਿਖਾ ਕੇ ਗੁਰੂ ਘਰ ਦੀ ਸੰਗਤਾਂ ਦੀ ਖੁਸ਼ੀ ਪ੍ਰਾਪਤ ਕਰੇਗਾ ਜੀ। ਇਸ ਨੂੰ ਅਜ਼ਮਾ ਕੇ ਵੇਖੀਏ।

***ਜੋੜੀ ਬਾਰੇ ਇੱਕ ਹੋਰ ਵਿਚਾਰ:***

ਜਦੋਂ ਤੋਂ ਮਾਈਕ੍ਰੋਫੋਨਾਂ ਦੀ ਵਰਤੋਂ ਵਧੀ ਹੈ ਅਕਸਰ ਕੀਰਤਨੀ ਜੱਥੇ ਮਾਈਕ ਤੋਂ ਬਗੈਰ ਕੀਰਤਨ ਕਰਨਾ ਪਸੰਦ

ਨਹੀਂ ਕਰਦੇ। ਇਨ੍ਹਾਂ ਵਾਸਤੇ ਇਸ ਗੱਲ ਦਾ ਕੋਈ ਵਿਚਾਰ ਨਹੀਂ ਹੁੰਦਾ ਕਿ ਦੀਵਾਨ ਵਿੱਚ ਕੇਵਲ ਕੁਝ ਗਿਣਤੀ ਦੇ ਸਰੋਤੇ ਬੈਠੇ ਹਨ ਜਾਂ ਸੰਗਤਾਂ ਨਾਲ ਪੰਡਾਲ ਜਾਂ ਹਾਲ ਕਮਰਾ ਭਰਿਆ ਹੋਇਆ ਹੈ ਜਾਂ ਖਾਲੀ ਹੀ ਹੈ। ਮਾਈਕ ਹਰ ਹਾਲਤ ਹੋਣਾ ਜ਼ਰੂਰੀ ਬਣਾ ਲਿਆ ਹੈ।

ਕੀਰਤਨੀ ਜਥਿਆਂ ਨੇ ਸ਼ੁਰੂ ਵਿੱਚ ਜਦੋਂ ਮਾਈਕ ਦਾ ਰਿਵਾਜ਼ ਅਪਣਾਇਆ ਸੀ ਤਾਂ ਇੱਕੋ ਮਾਈਕ ਜੋ ਮੁੱਖ ਕੀਰਤਨੀਏ ਦੇ ਅੱਗੇ ਰੱਖਿਆ ਹੁੰਦਾ ਸੀ, ਕਾਫੀ ਸੀ। ਫੇਰ ਦੋ ਮਾਈਕਾਂ ਦੀ ਵਰਤੋਂ ਸ਼ੁਰੂ ਹੋਈ ਤੇ ਦੋਨੋਂ ਕੀਰਤਨੀਏ, ਜੋ ਹਾਰਮੋਨੀਅਮ ਵਜਾਉਂਦੇ ਹਨ, ਦੇ ਸਾਹਮਣੇ ਰੱਖਣਾ ਸ਼ੁਰੂ ਹੋਇਆ। ਇਹਨਾਂ ਕੀਰਤਨੀਆਂ ਨੇ ਇਕ ਚੰਗੀ ਸਾਵਧਾਨੀ ਵਰਤੀ ਤੇ ਹੁਣ ਵੀ ਵਰਤਦੇ ਹਨ ਕਿ ਮਾਈਕ ਦੀ ਪੋਜ਼ੀਸ਼ਨ ਹਾਰਮੋਨੀਅਮ ਨਾਲੋਂ ਮੂੰਹ ਦੇ ਵਧੇਰੇ ਨੇੜੇ ਰੱਖਿਆ ਤਾਂ ਜੋ ਬੋਲੇ ਜਾ ਰਹੇ ਸ਼ਬਦ ਦੇ ਅੱਖਰ ਵਾਜੇ ਦੀ ਆਵਾਜ਼ ਵਿੱਚ ਹੀ ਨਾ ਗਵਾਚ ਜਾਣ। ਸ਼ਬਦ ਠੀਕ ਸੁਣੇ ਇਸ ਦੇ ਨਾਲ ਇੱਕ ਹੋਰ ਰਿਵਾਜ਼ ਪ੍ਰਚੱਲਤ ਹੋਇਆ। ਤਬਲੇ ਵਾਲੇ ਉਤਾਵਲੇ ਹੋਏ। ਉਨ੍ਹਾਂ ਨੇ ਤਬਲੇ ਦੇ ਅੱਗੇ ਇੱਕ ਦੀ ਥਾਂ ਦੋ ਮਾਈਕਾਂ ਰੱਖ ਲਈਆਂ, ਇੱਕ ਪੁੜੇ ਅੱਗੇ ਤੇ ਦੂਸਰੀ ਉਸ ਦੀ ਡੁੱਗੀ ਅੱਗੇ। ਤਬਲਾ ਵਜਾਉਣ ਵਾਲੇ ਸਾਥੀ ਆਮ ਤੌਰ ਤੇ ਸ਼ਬਦ ਗਾਇਨ ਵਿੱਚ ਘੱਟ ਹਿੱਸਾ ਲੈਂਦੇ ਹਨ ਜਾਂ ਸਾਜ਼ ਦੇ ਬੰਧਨਾ ਕਰਕੇ ਘੱਟ ਹਿੱਸਾ ਲੈ ਸਕਦੇ ਹਨ ਪਰ ਉਨ੍ਹਾਂ ਨੂੰ ਆਪਣੀ ਜੋੜੀ ਦਾ ਹੁਨਰ ਦਿਖਾਉਣ ਦਾ ਸੱਚਾ ਚਾਅ ਵੀ ਹੁੰਦਾ ਹੈ, ਜੋ ਮੁਬਾਰਕ ਵੀ ਹੈ। ਧਿਆਨ ਇਹ ਰੱਖਣਾ ਚਾਹੀਦਾ ਹੈ ਕਿ ਮਾਈਕ ਜੋੜੀ ਨਾਲ ਹੀ ਜੋੜੀ ਰੱਖਣਾ ਬਹੁਤ ਠੀਕ ਨਹੀਂ ਹੈ ਕਿਉਂਕਿ ਇਸ ਨਾਲ ਜੋੜੀ ਦੀ ਟੁਨ ਟੁਨ ਦੀ ਠਣਕਾਰ ਅਤੇ ਥਾਪ ਵਧੇਰੇ ਉੱਚੀ ਹੋ ਜਾਂਦੀ ਹੈ। ਗਾਏ ਜਾ ਰਹੇ ਸ਼ਬਦ ਦੀ ਆਵਾਜ਼ ਦਾ ਪ੍ਰਭਾਵ ਧੀਮਾ ਪੈ ਜਾਂਦਾ ਹੈ ਤੇ ਸਮੁੱਚੇ ਕੀਰਤਨ ਵਿਚ 'ਤਿਨ ਤਿਨਾ ਤਿਨ ਤਿਨ' ਤੇ 'ਧਿਨ ਤਿਨਾ ਤਿਨ ਧਿਨ' ਬਹੁਤ ਖੜਕਦਾ ਹੈ ਅਤੇ ਕੀਰਤਨ ਵਿਚੋਂ ਸ਼ਬਦ ਦਾ ਉਚਾਰਨ ਮੱਧਮ ਹੋ ਜਾਂਦਾ ਹੈ। ਸੋ ਇਕ ਸੁਝਾਅ ਇਹ ਭੀ ਹੈ ਕਿ ਜੋੜੀ ਵਜਾਉਣ ਵਾਲੇ, ਮਾਈਕ ਨੂੰ ਜੋੜੀ ਤੋਂ ਥੋੜ੍ਹੀ ਦੂਰੀ ਤੇ ਹੀ ਰੱਖਿਆ ਕਰਨ ਤਾਂ ਜੋ ਜੋੜੀ ਦਾ ਹੁਨਰ, ਸਰੋਤਿਆਂ ਦੇ ਸ਼ਬਦ ਰਸ ਉਪਰ ਹਾਵੀ ਹੋਕੇ ਸ਼ਬਦ-ਸੁਰਤ ਵਿਚ ਵਿਘਨ ਨਾ ਬਣੇ।


Hot millions®



Salad Bar & Restaurant

Serving Indian, Chinese, Continental & Italian Food
with a regular Indian & Salad Buffet

For Free Home Delivery
(above Rs. 100/-)



CHD 723333 SALAD BAR 723222
PKL 579888 MOH 264300

SCO 76-79,(First Floor) Sector 17-E, Chandigarh. Tel: 723222, 723111, 704858

# ਸਾਡੇ ਧਾਰਮਕ ਸਥਾਨ ਸ਼ੋਰ ਸ਼ਰਾਬੇ ਦੀ ਥਾਂ, ਸ਼ਾਂਤੀ ਦੀ ਦਾਤ ਵੰਡਣ


## ਸਿਮਰਨਜੋਤ ਸਿੰਘ

1020/4, ਫੀਲਡ ਗੰਜ, ਲੁਧਿਆਣਾ -8


ਜਦੋਂ ਅਸੀਂ ਕਿਸੇ ਧਾਰਮਕ ਸਥਾਨ ਨੂੰ ਚੇਤੇ ਕਰਦੇ ਹਾਂ ਸਾਡੇ ਸਾਹਮਣੇ ਅਤਿ ਸੁੰਦਰ, ਖਿੰਡੇ ਹੋਏ ਮਨ ਨੂੰ ਟਿਕਾ ਕੇ ਰੂਹਾਨੀ ਖੇੜਾ ਬਖਸ਼ਣ ਤੇ ਮਨ ਵਿਚ 'ਹਨੇਰੇ ਤੋਂ ਚਾਨਣ' ਤੱਕ ਦਾ ਸਫਰ ਤੈਅ ਕਰਵਾਉਣ ਵਾਲੇ ਅਸਥਾਨ ਦੀ ਤਸਵੀਰ ਉਕਰਦੀ ਹੈ। ਅੱਜ ਦੇ ਸਮੇਂ ਵਿਚ ਸਾਰੇ ਹੀ ਮੱਤਾਂ ਵਾਲਿਆਂ ਦੇ ਧਾਰਮਕ ਸਥਾਨ ਦੇਖਣ ਨੂੰ ਤਾਂ ਸ਼ਾਂਤੀ ਦੀ ਦਾਤ ਵੰਡਦੇ ਪ੍ਰਤੀਤ ਹੁੰਦੇ ਹਨ ਪ੍ਰੰਤੂ ਇਹ ਰੋਜ਼ ਮਰਾ ਦੀ ਜਿੰਦਗੀ ਵਿਚ ਸ਼ਾਂਤੀ ਦੀ ਬਜਾਏ ਸ਼ਕਤੀਸ਼ਾਲੀ ਸਪੀਕਰਾਂ ਰਾਹੀਂ ਸ਼ੋਰ ਸ਼ਰਾਬਾ ਵਧੇਰੇ ਵੰਡ ਰਹੇ ਹਨ। ਅੰਮ੍ਰਿਤ ਵੇਲਾ ਇਕ ਅਜਿਹਾ ਵੇਲਾ ਹੁੰਦਾ ਹੈ ਜਦੋਂ ਸਾਰੇ ਪਾਸੇ ਚੁੱਪ ਚਾਂ ਵਰਤੀ ਹੁੰਦੀ ਹੈ। ਨਾ ਕਿਸੇ ਵਾਹਨ ਦੇ ਚੱਲਣ ਦੀ ਅਵਾਜ਼, ਨਾ ਹੀ ਭਾਰੀ ਮਸ਼ੀਨਾਂ ਦਾ ਖੜਕਾ-ਦੜਕਾ। ਇਸ ਸਮੇਂ ਕੇਵਲ ਤੇ ਕੇਵਲ ਪੌਣ ਦੇ ਰੁਮਕਣ ਦੀ ਹੀ ਅਵਾਜ਼ ਸੁਣਾਈ ਦਿੰਦੀ ਹੈ ਤੇ ਕਿਧਰੋਂ ਦੂਰ ਦੇ ਦਰਖਤਾਂ ਤੋਂ ਰੱਬ ਦੇ ਬਣਾਏ ਹੋਏ ਪੰਛੀਆਂ ਦੀਆਂ ਆ ਰਹੀਆਂ ਅਵਾਜ਼ਾਂ ਮਨੁੱਖ ਨੂੰ ਕਾਦਰ ਦੀ 'ਸਿਫਤ ਸਲਾਹ' ਵਿਚ ਜੁੜਨ ਦਾ ਪੈਗਾਮ ਦੇਂਦੀਆਂ ਹਨ। ਇਸ ਅਨੋਖੇ ਸਮੇਂ ਦਾ ਆਨੰਦ ਉਠਾਉਂਦੇ ਹੋਏ ਪ੍ਰਮਾਤਮਾ ਦੇ ਭਗਤ ਆਪੋ ਆਪਣੇ 'ਧਾਰਮਕ ਅਕੀਦੇ' ਅਨੁਸਾਰ ਪਰਮਾਤਮਾ ਨਾਲ ਆਪਣੀ ਲਿਵ ਜੋੜਦੇ ਹਨ। ਵਿਦਿਆਰਥੀ ਸ਼ਾਂਤਮਈ ਵਾਤਾਵਰਨ ਦਾ ਲਾਭ ਉਠਾਉਂਦੇ ਹੋਏ ਬੜੀ ਗਹਿਰਾਈ ਨਾਲ ਕਿਤਾਬਾਂ ਦਾ ਅਧਿਐਨ ਕਰਦੇ ਹਨ। ਹਸਪਤਾਲ ਵਿਚ ਵੀ ਮਰੀਜ਼ ਸਾਰੇ ਦਿਨ ਦੀ ਕੁਰਲਾਹਟ, ਹਾਏ! ਹਾਏ!! ਤੋਂ ਬਾਅਦ ਇਸ ਸਮੇਂ ਕੁਝ ਚਿਰ ਚੈਨ ਦੀ ਨੀਂਦ ਸੌਂ ਲੈਂਦੇ ਹਨ। ਪਰ ਇਸੇ ਵਕਤ ਹੀ ਪਿੰਡ/ਸ਼ਹਿਰ ਦੀਆਂ ਵੱਖ-ਵੱਖ ਨੁੱਕਰਾਂ ਤੋਂ ਸ਼ਾਂਤਮਈ ਕੁਦਰਤੀ ਵਾਤਾਵਰਨ ਵਿਚ ਖਲਲ ਪੈਦਾ ਕਰਨ ਵਾਲੀਆਂ ਤਰ੍ਹਾਂ ਤਰ੍ਹਾਂ ਦੀਆਂ ਅਵਾਜ਼ਾਂ ਉਠਦੀਆਂ ਰਹਿੰਦੀਆਂ ਹਨ। ਜਿਵੇਂ ਜਿਵੇਂ ਸੂਰਜ ਦੀ ਟਿੱਕੀ ਚੜ੍ਹਣ ਦਾ ਸਮਾਂ ਨੇੜੇ ਆਉਂਦਾ ਹੈ, ਤਿਵੇਂ ਤਿਵੇਂ ਇਹ ਅਵਾਜ਼ਾਂ ਵਧਦੀਆਂ ਜਾਂਦੀਆਂ ਹਨ। ਖਾਸ ਕਰਕੇ ਸ਼ਹਿਰਾਂ ਵਿਚਲੇ ਸੰਘਣੀ ਆਬਾਦੀ ਵਾਲੇ ਖੇਤਰਾਂ ਵਿਚ ਤਾਂ ਇਹਨਾਂ ਅਵਾਜ਼ਾਂ ਦਾ ਏਨਾ ਰੋਲ-ਘਚੋਲਾ ਪੈ ਜਾਂਦਾ ਹੈ ਕਿ ਸਮਝ ਹੀ ਨਹੀਂ ਆਉਂਦੀ ਕਿ ਅਸੀਂ ਕਿਸ ਅਵਾਜ਼ ਵਲ ਧਿਆਨ ਦੇਈਏ।

ਫਿਰ ਅਸ਼ਾਂਤੀ ਦਾ ਸੰਦੇਸ ਦੇਣ ਵਾਲੀ ਆਵਾਜ਼ ਦਾ ਕੋਈ ਪੈਮਾਨਾ ਨਹੀਂ ਹੁੰਦਾ ਕਿ ਕਿੰਨੀ ਕੁ ਆਵਾਜ਼ ਧਾਰਮਕ ਅਸਥਾਨ ਦੀ ਹੱਦ ਤੋਂ ਬਾਹਰ ਜਾਣੀ ਚਾਹੀਦੀ ਹੈ। ਭਾਈ ਜੀ, ਪੁਜਾਰੀ ਜੀ ਦਾ ਜਿੰਨੀ ਆਵਾਜ਼ ਕਰਨ ਨੂੰ ਦਿਲ ਕਰਦਾ ਹੈ, ਉਨੀ ਹੀ ਨਪ ਦੇਂਦੇ ਹਨ। ਇਨ੍ਹਾਂ ਨੂੰ ਤਾਂ ਚਿਤ ਚੇਤਾ ਵੀ ਨਹੀਂ ਹੁੰਦਾ ਹੋਵੇਗਾ ਕਿ ਉਨ੍ਹਾਂ ਦੇ ਸ਼ਾਂਤੀ ਭਰੇ ਬਚਨਾਂ ਨੂੰ ਸ਼ਕਤੀਸ਼ਾਲੀ ਸਪੀਕਰਾਂ ਰਾਹੀਂ ਕੰਨ ਪਾੜਵੀਆਂ ਆਵਾਜ਼ਾਂ ਵਿਚ ਸ੍ਰਵਣ ਕਰਕੇ ਕਿੰਨੇ ਕੁ ਲੋਕ 'ਨਿਹਾਲ' ਹੁੰਦੇ ਹੋਣਗੇ? ਕਿੰਨੇ ਕੁ ਬੰਦੇ ਆਪਣਾ ਜੀਵਨ ਸਫਲ ਕਰਨਗੇ। ਉਹ ਤਾਂ ਕੇਵਲ ਉੱਚੀ ਤੋਂ ਉੱਚੀ ਆਵਾਜ਼ ਨੂੰ ਸ਼ਹਿਰ ਦਾ ਕੇਂਦਰੀ ਅਸਥਾਨ ਦਸ ਕੇ ਵੱਧ ਤੋਂ ਵੱਧ ਲੋਕਾਂ ਦਾ ਧਿਆਨ ਆਪਣੇ ਵਲ ਖਿੱਚਣਾ ਚਾਹੁੰਦੇ ਹਨ।

ਜੇਕਰ ਚੌਗਿਰਦੇ ਵਿਚ ਫੈਲਾਏ ਜਾਣ ਵਾਲੇ 'ਆਵਾਜ਼ ਦੇ ਪ੍ਰਦੂਸ਼ਣ' ਵਲ ਦੇਖਿਆ ਜਾਵੇ ਤਾਂ 75% ਪ੍ਰਦੂਸ਼ਣ ਧਾਰਮਕ ਸਥਾਨਾਂ ਦੀ ਹੀ ਲੋਕਾਂ ਨੂੰ ਦੇਣ ਹੈ। ਸਵੇਰ ਸ਼ਾਮ ਵਾਹਨਾਂ ਦਾ ਸ਼ੋਰ-ਸ਼ਰਾਬਾ ਬੰਦ ਹੋ ਜਾਂਦਾ ਹੈ, ਭਾਰੀ ਮਸ਼ੀਨਾਂ ਵੀ ਚੁੱਪ ਹੋ ਜਾਂਦੀਆਂ ਹਨ। ਗੱਲ ਕੀ, ਸਮੁੱਚਾ ਜੀਵਨ ਸਿਮਟਿਆ ਹੁੰਦਾ ਹੈ। ਹਰ ਕੋਈ ਟਿਕਾਅ ਤੇ ਸ਼ਾਂਤੀ ਭਾਲਦਾ ਹੈ। ਪਰ ਇਸ ਸਮੇਂ ਧਾਰਮਕ ਸਥਾਨਾਂ ਵਲੋਂ ਸ਼ੋਰ-ਸ਼ਰਾਬਾ ਸ਼ੁਰੂ ਹੋ ਜਾਂਦਾ ਹੈ। ਇਨ੍ਹਾਂ ਸਦਕਾ ਹੀ ਮਨੁੱਖ ਦੀ ਸ਼ਾਂਤੀ ਖਤਮ ਹੋ ਗਈ ਹੈ। ਅੱਜ ਦਾ ਮਨੁੱਖ ਇਕ ਪਲ ਲਈ ਵੀ ਟਿਕ ਕੇ ਸ਼ਾਂਤਮਈ ਵਾਤਾਵਰਨ ਵਿਚ ਨਹੀਂ ਬੈਠਦਾ ਕਿਉਂਕਿ ਏਨੇ ਕੰਮ ਕਾਰ ਦਾ ਰੌਲਾ ਤੇ ਸਵੇਰੇ ਸ਼ਾਮ ਸਪੀਕਰਾਂ ਦੀ 'ਗੜਗੱਜ' ਜੇਕਰ ਕੋਈ ਮਨੁੱਖ ਦੂਰ-ਦੁਰਾਡੇ ਦੇ ਪਾਰਕ ਵਿਚਲੇ ਸ਼ਾਂਤਮਈ ਵਾਤਾਵਰਨ ਵਿਚ ਪੁੱਜਦਾ ਹੈ ਤਾਂ ਉੱਥੇ ਵੀ ਸਪੀਕਰਾਂ ਦੀ ਆਵਾਜ਼ ਸ਼ਾਂਤੀ ਨੂੰ ਭੰਗ ਕਰਦੀ ਹੈ। ਹੋਰ ਤਾਂ ਹੋਰ, ਇਹ ਆਵਾਜ਼ ਹਸਪਤਾਲਾਂ ਵਿਚਲੇ ਮਰੀਜ਼ਾਂ ਨੂੰ ਵੀ ਨਹੀਂ ਬਖਸ਼ਦੀ। ਜਿਹੜਾ ਮਰੀਜ਼ ਸਾਰੀ ਰਾਤ ਕਰਾਹ ਕਰਾਹ ਕੇ ਥੋੜਾ ਜਿਹਾ ਸੌਂਦਾ ਹੈ ਤਾਂ ਉਸ ਨੂੰ ਸਪੀਕਰਾਂ ਦੀ ਆਵਾਜ਼ ਉਠਾ ਦੇਂਦੀ ਹੈ ਤੇ ਉਹ ਫਿਰ ਤੋਂ ਹਾਏ! ਹਾਏ!!

ਕਰਨਾ ਸ਼ੁਰੂ ਕਰ ਦਿੰਦਾ ਹੈ।

ਸਾਰੇ ਦਿਨ ਦੀ ਭੱਜ-ਨੱਠ ਤੋਂ ਬਾਅਦ ਸ਼ਾਮ ਨੂੰ ਤੇ ਸਵੇਰ ਨੂੰ ਸ਼ਾਂਤੀ ਭਰਿਆ ਮਾਹੌਲ ਨਾ ਮਿਲਣ ਕਰਕੇ ਮਨੁੱਖ ਦਾ ਸੁਭਾਅ ਚਿੜਚਿੜਾ ਹੁੰਦਾ ਜਾ ਰਿਹਾ ਹੈ। ਉਨੀਂਦਰੇ ਦੀਆਂ ਸ਼ਿਕਾਇਤਾਂ ਵਧਦੀਆਂ ਜਾ ਰਹੀਆਂ ਹਨ। ਛੋਟੇ-ਛੋਟੇ ਬੱਚਿਆਂ ਦੀ ਹਰ ਵਕਤ ਉੱਚੀ ਆਵਾਜ਼ ਵਿਚ ਰਹਿਣ ਕਰਕੇ। ਸੁਣਨ ਸ਼ਕਤੀ ਘੱਟਦੀ ਜਾ ਰਹੀ ਹੈ। 'ਹਾਈ ਬਲੱਡ ਪ੍ਰੈਸ਼ਰ' ਦੀ ਬਿਮਾਰੀ ਵੀ 'ਆਵਾਜ਼ ਦੇ **ਪ੍ਰਦੂਸ਼ਣ**' ਕਰਕੇ ਅਮਰ ਵੇਲ ਵਾਂਗ ਦਿਨ-ਬ-ਦਿਨ ਵਧਦੀ ਜਾਂਦੀ ਹੈ।

ਅਸਲ ਵਿਚ ਸਪੀਕਰ ਮੰਦਰ, ਮਸਜਿਦ, ਗੁਰਦੁਆਰੇ, ਚਰਚ ਵਿਚ ਆਈ ਲੋਕਾਈ ਤੱਕ ਆਵਾਜ਼ ਪਹੁੰਚਾਉਣ ਦਾ ਇਕ ਸਾਧਨ ਹੈ ਪਰ ਇਧਰ ਪਤਾ ਨਹੀਂ ਸਪੀਕਰਾਂ ਨੂੰ ਉੱਚੇ ਗੁੰਬਦ ਤੇ ਲਗਾ ਕੇ ਕੰਨ ਪਾੜਵੀਂ ਆਵਾਜ਼ ਵਿਚ ਚਲਾ ਕੇ ਕਿਹੜੇ ਰੱਬ ਨੂੰ ਆਵਾਜ਼ ਦਿੱਤੀ ਜਾਂਦੀ ਹੈ?

ਸਾਡੀ ਅਜਿਹੀ ਹੀ ਹਾਲਤ ਤੇ ਕਬੀਰ ਜੀ ਦਾ ਸਲੋਕ:

***ਕਬੀਰ ਮੁੱਲਾਂ ਮੁਨਾਰੇ ਕਿਆ ਚਢਹਿ ਸਾਈ ਨਾ ਬਹਰਾ ਹੋਇ॥***

***ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ॥*** (ਪੰਨਾ 1374)

ਲਾਗੂ ਹੁੰਦਾ ਹੈ। ਭਾਵੇਂ ਸਲੋਕ ਮੁਸਲਮਾਨਾਂ ਨੂੰ ਸਾਹਮਣੇ ਰੱਖ ਕੇ ਉਚਾਰਿਆ ਗਿਆ ਹੈ ਪਰ ਇਸ ਦੀ ਪ੍ਰਸੰਗਿਕਤਾ ਹਰੇਕ ਫਿਰਕੇ ਲਈ ਹੈ।

ਜੇਕਰ ਅਸੀਂ ਅੰਮ੍ਰਿਤ ਵੇਲੇ ਦਾ ਟਿਕਾਅ ਮਾਨਣਾ ਚਾਹੁੰਦੇ ਹਾਂ, ਸ਼ਾਮ ਨੂੰ ਸ਼ਾਂਤੀ ਭਰਿਆ ਵਾਤਾਵਰਣ ਚਾਹੁੰਦੇ ਹਾਂ ਤਾਂ ਸਾਨੂੰ ਸਾਰਿਆਂ ਨੂੰ ਰਲ ਕੇ ਖਾਸ ਕਰਕੇ ਧਾਰਮਕ ਅਸਥਾਨਾਂ ਦੇ ਪ੍ਰਬੰਧਕਾਂ ਦਾ ਧਿਆਨ ਇਸ ਗੱਲ ਵਲ ਦੁਆਉਣਾ ਪਵੇਗਾ ਕਿ ਸਪੀਕਰਾਂ ਦੀ ਆਵਾਜ਼ ਧਾਰਮਕ ਅਸਥਾਨਾਂ ਦੇ ਵਿਹੜੇ 'ਚੋਂ ਬਾਹਰ ਨਾ ਨਿਕਲੇ ਤਾਂ ਜੋ ਆਮ ਜਨ-ਜੀਵਨ ਵਿਚ ਕਿਸੇ ਪ੍ਰਕਾਰ ਦੀ ਖਲਬਲੀ ਨਾ ਮਚੇ ਤੇ ਵਿਅਕਤੀ ਵੱਧ ਤੋਂ ਵੱਧ ਟਿਕਾਅ ਵਿਚ ਰਹਿ ਸਕੇ। ਅਜਿਹਾ ਕਰਕੇ ਅਸੀਂ ਸਚਮੁੱਚ 'ਸਰਬੱਤ ਦੇ ਭਲੇ' ਵੱਲ ਇਕ ਕਦਮ ਤੁਰ ਸਕਦੇ ਹਾਂ, ਨਹੀਂ ਤਾਂ ਸ਼ੋਰ ਸ਼ਰਾਬਾ ਵੰਡ ਕੇ ਮਨੁੱਖਤਾ ਨੂੰ ਬਗੈਰ ਕਿਸੇ ਗੱਲ ਤੋਂ ਪ੍ਰੇਸ਼ਾਨ ਕਰਦੇ ਰਹਾਂਗੇ। *(ਧੰਨਵਾਦ-ਗੁਰਮਤਿ ਪ੍ਰਕਾਸ)*

## SALUTATION OF THE DAWN

Look to this day!
For it is Life, the very life of life.
In its brief course
Lie all the verities and realities of your existence:
The bliss of growth
The glory of action.
The splendor of beauty,
For yesterday is but a dream
And tomorrow is only a vision,
But today well lived makes every yesterday a dream of happiness
And every tomorrow a vision of hope.
Look well, therefore, to this day!
Such is the salutation of the dawn.

- ***Kalidas***

*With best compliments from a wellwisher*

# ਲੋਕ ਸਾਜ਼: ਢੋਲ

ਡਾ. ਜਗੀਰ ਸਿੰਘ ਨੂਰ

ਏ-9, ਗਰੀਨ ਪਾਰਕ, ਜੀ ਟੀ ਰੋਡ, ਫਗਵਾੜਾ 144 401

'ਢੋਲ' ਭਾਰਤੀਆਂ ਦਾ ਹਰਮਨ ਪਿਆਰਾ ਅਤੇ ਖ਼ਾਸ ਕਰਕੇ ਪੰਜਾਬੀਅਤ ਦੇ ਪਛਾਣ ਚਿੰਨ੍ਹਾਂ ਦਾ ਸਰੋਤ ਬਿੰਦੂ ਹੈ। ਇਸ ਦੀ ਆਵਾਜ਼ ਵਿਚੋਂ ਪੰਜਾਬੀਆਂ ਦਾ ਸਾਹਸ, ਅਲਬੇਲਾਪਣ, ਅਣਖ, ਵੀਰਤਾ ਅਤੇ ਮੌਜ ਮਸਤੀ ਡੁੱਲ੍ਹ ਪੈਂਦੀ ਹੈ। ਪੰਜਾਬੀਆਂ ਦੇ ਸੁਭਾਅ ਦੀ ਕਰੜਾਈ ਅਤੇ ਮਿਠਾਸ ਵਿਚ ਵਿਚੋਂ, ਇਕੋ ਥਾਵੇਂ ਇਕ ਰਸ ਹੋ ਕੇ ਗੁਲਤਾਨ ਹੋਈ ਜਾਪਦੀ ਹੈ। ਪੰਜਾਬੀ ਲੋਕਤਾ ਦੀ ਤ੍ਰੈਕਾਲੀ ਗੂੰਜ ਅਥਵਾ ਧੁਨ ਇਸ (ਢੋਲ) ਦੇ ਤਾਲ ਵਿਚੋਂ ਨਿਕਲ ਕੇ, ਸਹਿਜ ਪ੍ਰਕਿਰਿਆ ਥਾਣੀਂ ਲੋਕ-ਮਾਨਸਿਕਤਾ ਦੀ ਪ੍ਰਵਾਨਗੀ ਪ੍ਰਾਪਤ ਕਰਦੀ ਹੋਈ ਪੀੜ੍ਹੀ-ਦਰ-ਪੀੜ੍ਹੀ ਅਗਾਂਹ ਪ੍ਰਵਾਹਮਾਨ ਹੋ ਰਹੀ ਹੈ। ਪੰਜਾਬ ਜਿਸ ਨੂੰ ਪਹਿਲਾਂ 'ਸਪਤ ਸਿੰਧੂ' ਦੇਰ 'ਪੰਜ ਨਦ ਦਾ ਦੇਸ਼' ਦਾ ਸਿਰਜਨਹਾਰਾ ਹੈ ਅਤੇ 'ਢੋਲ' ਪੰਜਾਬੀਆਂ ਦਾ ਉਹ ਮੁੱਢ ਕਦੀਮੀ ਸਾਜ਼ ਹੈ, ਜਿਸ ਵਿਚੋਂ ਇਹਨਾਂ ਪੰਜਾਬੀਆਂ ਦੇ ਚਰਿੱਤਰ ਅਤੇ ਸਭਿਆਚਾਰ ਦੀਆਂ ਵਿਭਿੰਨ ਪਰਤਾਂ ਖੁੱਲ੍ਹਦੀਆਂ ਅਤੇ ਵਿਗਸਦੀਆਂ ਹੋਈਆਂ ਪ੍ਰਤੀਤ ਹੁੰਦੀਆਂ ਹਨ।

ਸਮੂਹ ਲੋਕ-ਸੰਗੀਤ ਪ੍ਰੇਮੀ 'ਢੋਲ' ਨੂੰ ਲੋਕ-ਸੰਗੀਤ ਦਾ ਬੁਨਿਆਦੀ ਸਾਜ਼ ਵੀ ਮੰਨਦੇ ਹਨ। ਸਗਲੇ ਭਾਰਤੀ ਸਾਜ਼ਾਂ ਨੂੰ ਸੰਗੀਤ-ਸ਼ਾਸਤਰੀਆਂ ਨੇ ਪ੍ਰਮੁੱਖ ਰੂਪ ਵਿਚ ਚਾਰ ਵਰਗਾਂ ਵਿਚ ਵੰਡਿਆ ਹੈ। ਇਕ 'ਅਵਨਧ ਸਾਜ਼' ਜਿਨ੍ਹਾਂ ਨੂੰ ਚਮੜੇ ਨਾਲ ਮੜ੍ਹਿਆ ਹੋਇਆ ਹੈ। ਦੂਸਰੇ, 'ਤੱਤ-ਸਾਜ਼' ਜਿਨ੍ਹਾਂ ਉੱਤੇ ਲੋਹੇ, ਤਾਂਬੇ ਜਾਂ ਪਿੱਤਲ ਦੀਆਂ ਤਾਰਾਂ ਲਾਈਆਂ ਗਈਆਂ ਹੁੰਦੀਆਂ ਹਨ। ਤੀਸਰੇ, 'ਸੁਸ਼ਿਰ ਸਾਜ਼' ਜਿਨ੍ਹਾਂ ਨੂੰ ਫੂਕ ਜਾਂ ਹਵਾ ਰਾਹੀਂ ਵਜਾਇਆ ਜਾਂਦਾ ਹੈ ਅਤੇ ਚੌਥੇ 'ਘਣ ਸਾਜ਼' ਜੋ ਆਪਸ ਵਿਚ ਟਕੋਰਾਂ ਮਾਰ ਕੇ ਅਰਥਾਤ ਆਪਸ ਵਿਚ ਖੜਕਾਅ ਕੇ ਵਜਾਏ ਜਾਂਦੇ ਹਨ। ਇਹਨਾਂ ਚਾਰ ਵਰਗਾਂ ਦੇ ਅੱਗੋਂ ਅਨੇਕਾਂ ਹੋਰ ਰਘੂ ਹਨ, ਜਿਨ੍ਹਾਂ ਵਿਚ ਇਲਾਕਾਈ ਰੰਗਣ ਸਦਕਾ ਅੱਗੋਂ ਹੋਰ ਕਿਸਮਾਂ ਵੀ ਹਨ। ਪਰ ਜਿੱਥੋਂ ਤੱਕ 'ਢੋਲ' ਦਾ ਸਬੰਧ ਹੈ, ਇਹ ਅਵਨਧ-ਸਾਜ਼ ਸ਼੍ਰੇਣੀ ਦਾ ਪ੍ਰਮੁੱਖ ਸਾਜ਼ ਹੈ। ਇਸੇ (ਅਵਨਧ ਸਾਜ਼) ਸ਼੍ਰੇਣੀ ਵਿਚ ਪਖਾਵਜ, ਤਬਲਾ, ਮਿਰਦੰਗ, ਘੜ, ਟਿਮਕੀ ਅਤੇ ਖੰਜੀਰਾ, ਖੋਲ, ਬੰਗਲਾ-ਢੋਲ, ਢੋਲਕੀ, ਨਾਲ, ਚੰਡਾ, ਤਾਬਿਲ, ਨਗਾਰਾ, ਡੱਫ, ਤਾਸਾ, ਟਿੰਪਨੀ, ਜਾਝ, ਡੋਰੂ, ਡਮਰੂ, ਢੱਡ, ਡੁਗਡੁਗੀ ਆਦਿ ਵੀ ਲੋਕਪ੍ਰਿਯ ਸਾਜ਼ ਹਨ ਪਰ ਢੋਲ ਆਪਣੀ ਬਣਤਰ, ਘਾੜਤ, ਇਤਿਹਾਸ, ਆਵਾਜ਼ ਅਤੇ ਪ੍ਰਕਾਰਜ ਸਦਕਾ ਵਿਲੱਖਣ ਅਹਿਮੀਅਤ ਰੱਖਦਾ ਹੈ। ਇਸ ਦੀ ਇਹ ਅਹਿਮੀਅਤ ਪੂਰਵ ਇਤਿਹਾਸਕ ਕਾਲ-ਖੰਡਾਂ ਤੋਂ ਪ੍ਰਚੱਲਿਤ ਰਹੀ ਹੈ। ਸੰਗੀਤ ਸਾਜ਼ਾਂ ਦਾ ਜਨਮ, ਪਹਿਲੋਂ ਹੋਇਆ ਮੰਨਿਆ ਹੈ। ਉਨ੍ਹਾਂ ਦੀ ਇਹ ਵੀ ਮਨੌਤ ਹੈ ਕਿ ਆਦਿ ਮਾਨਵ ਨੇ ਪਹਿਲਾਂ ਹੱਥਾਂ ਨਾਲ ਤਾੜੀ ਵਜਾਈ ਹੋਵੇਗੀ ਤੇ ਫੇਰ ਪਿੱਛੋਂ ਤਾਲ ਨੂੰ ਪ੍ਰਦਰਸ਼ਿਤ ਕਰਨ ਹਿੱਤ ਹੋਰ ਸਾਜ਼ਾਂ ਦੇ ਨਿਰਮਾਣ ਦੀ ਸੋਚ ਸੋਚੀ ਹੋਵੇਗੀ। ਪਰੰਤੂ ਮਾਨਵ-ਵਿਗਿਆਨੀ ਅਤੇ ਸਮਾਜ-ਸ਼ਾਸਤਰੀ ਸੋਚ ਦ੍ਰਿਸ਼ਟੀ ਤੋਂ ਅਸੀਂ ਜਾਣਦੇ ਹਾਂ ਕਿ ਮਨੁੱਖ ਜਾਤੀ ਨੇ ਜਦੋਂ ਹੋਸ਼ ਸੰਭਾਲਣੀ ਸ਼ੁਰੂ ਕੀਤੀ, ਉਸ ਨੇ ਆਪਣੇ ਅਤੇ ਆਪਣੀ ਜਾਤੀ ਜਾਂ ਕਬੀਲੇ ਦੇ ਹੋਰ ਮਾਲ-ਅਸਬਾਬ ਅਤੇ ਜਾਨਾਂ ਦੇ ਰੱਖ-ਰਖਾਓ, ਬਚਾਓ ਅਤੇ ਸੰਭਾਲ ਲਈ ਪਹਿਲਾਂ ਪਹਿਲ ਕਿਸੇ 'ਅਵਨਧ ਸਾਜ਼' ਜੋ ਢੋਲ ਦਾ ਹੀ ਪਹਿਲਾ ਕੋਈ ਰੂਪ ਹੋ ਸਕਦਾ ਹੈ, ਦਾ ਨਿਰਮਾਣ ਕੀਤਾ ਹੋਵੇਗਾ। ਅਜਿਹਾ ਪ੍ਰਮਾਣ ਸਾਨੂੰ ਕੁਝ ਇਕ ਸਰੋਤਾਂ ਤੋਂ ਵੀ ਮਿਲਦਾ ਹੈ, ਜਿਨ੍ਹਾਂ ਵਿਚ ਸੰਕੇਤ ਹੈ ਕਿ ਮਾਨਵ ਨੇ ਆਪਣੇ ਮੁੱਢਲੇ ਸੰਚਾਰ ਰੂਪ ਨੂੰ ਸੰਕੇਤਕ ਤੌਰ ਤੇ ਦੂਰੀ ਤੱਕ, ਜਿੱਥੇ ਕਿ ਉਸ/ਉਨ੍ਹਾਂ ਦੀ ਆਵਾਜ਼ ਨਹੀਂ ਸੀ ਪੁੱਜ ਸਕਦੀ, ਉੱਥੇ ਆਵਾਜ਼ ਪਹੁੰਚਾਣ ਖਾਤਰ 'ਢੋਲ' ਦੇ ਮੁੱਢਲੇ ਰੂਪ ਨੂੰ ਸਿਰਜਿਆ ਅਤੇ ਇਸ ਨੂੰ ਇਸਤੇਮਾਲ ਕੀਤਾ ਸੀ। 'ਢੋਲ' ਦਾ ਇਹ ਮੁੱਢਲਾ ਰੂਪ ਉਨ੍ਹਾਂ ਨੇ ਆਪਣੇ ਕੋਲ ਸ਼ਿਕਾਰ ਰਾਹੀਂ ਪ੍ਰਾਪਤ ਜਾਨਵਰਾਂ ਦੀ ਖੱਲ ਨੂੰ, ਧਰਤੀ ਵਿਚ ਟੋਆ ਪੁੱਟ ਕੇ, ਉਸ ਉੱਪਰ ਉਸ ਨੂੰ ਕਿੱਲਿਆਂ ਨਾ ਗੱਡ ਕੇ ਤੇ ਉਹਦੇ ਤੇ ਚੋਟਾਂ ਮਾਰ ਮਾਰ ਕੇ ਬਣਾ ਲਿਆ ਸੀ। ਅਜਿਹੇ ਸਾਜ਼ ਦਾ ਉਲੇਖ ਵੇਦਾਂ ਵਿਚ ਵੀ ਉਪਲੱਬਧ ਹੈ, ਉੱਥੇ ਇਸ ਸਾਜ਼ ਨੂੰ 'ਭੂ ਦੁਦੰਡੀ' ਭਾਵ 'ਧਰਤ-ਸਾਜ' ਦਾ ਨਾਮ ਦਿੱਤਾ ਗਿਆ ਹੈ। ਆਦਿ ਮਾਨਵ ਦਾ ਇਹ ਸਾਜ਼ 'ਢੋਲ' ਦਾ ਪਹਿਲਾ ਰੂਪ ਸੀ। ਇਸ ਉਪਰੰਤ ਉਨ੍ਹਾਂ (ਆਦਿ ਕਬੀਲਿਆਂ) ਨੇ ਲੋੜ ਸਮਝੀ ਕਿ ਧਰਤੀ ਦੇ ਵਿਚੋਂ ਆਵਾਜ਼ ਪੈਦਾ ਕਰਨ

ਨਾਲੋਂ ਧਰਤੀ ਦੇ ਉੱਤੋਂ ਕਿਉਂ ਨਾ ਅਜਿਹੀ ਆਵਾਜ਼ ਪੈਦਾ ਕੀਤੀ ਜਾਵੇ ਸਿੱਟੇ ਵਜੋਂ ਵੱਡੇ ਤੇ ਚੌੜੇ ਦਰਖ਼ਤਾਂ ਦੇ ਤਣਿਆਂ ਨੂੰ ਵਿਚੋਂ ਖੋਖਲਾ ਕਰਕੇ, ਉਸ ਦੇ ਉੱਪਰ ਚਮੜੇ ਦੇ ਪੁੜਾਂ ਨੂੰ ਇਸ ਤਰ੍ਹਾਂ ਜੜ੍ਹਿਆ ਜਾਂ ਮੜ੍ਹਿਆ ਜਾਣ ਲੱਗ ਪਿਆ ਕਿ ਉਸ ਦੇ ਵਿਚੋਂ ਹਵਾ ਕਿਸੇ ਪਾਸੇ ਬਾਹਰ ਨਾ ਨਿਕਲ ਸਕੇ। ਸਿੱਟਾ ਇਹ ਹੋਇਆ ਕਿ ਉਨ੍ਹਾਂ ਦਾ ਇਹ 'ਢੋਲ' ਉਨ੍ਹਾਂ ਦੇ ਰੱਖ ਰਖਾਓ, ਹੋਰ ਕਬੀਲਿਆਂ ਨੂੰ ਸਹਾਇਤਾ ਦੇਣ ਅਤੇ ਸਹਾਇਤਾ ਲੈਣ ਤੋਂ ਇਲਾਵਾ ਉਨ੍ਹਾਂ ਦੇ ਮਨੋਰੰਜਨ ਦਾ ਵੀ ਚੰਗਾ ਮਾਧਿਅਮ ਬਣ ਗਿਆ। ਸ਼ਿਕਾਰ ਖਾਣ ਸਮੇਂ ਜਾਂ ਹੋਰ ਖ਼ੁਸ਼ੀ ਦੇ ਅਵਸਰ 'ਤੇ ਇਹ ਸਾਜ਼ ਵੱਜਣਾ ਜ਼ਰੂਰੀ ਹੋ ਗਿਆ। ਪੰਜਾਬ ਦੇ ਸਭਿਆਚਾਰਕ ਇਤਿਹਾਸ ਦੇ ਖੋਜੀਆਂ ਦਾ ਵੀ ਅਜਿਹਾ ਹੀ ਮਤ ਹੈ। ਪੰਜਾਬ ਵਿਚ ਮੁੱਢਲੀਆਂ ਸਭਿਅਕ ਜਾਤੀਆਂ, ਕਬੀਲੇ ਆਦਿ ਵੀ ਇਸੇ ਸਿਰਜਨ ਪ੍ਰਕਿਰਿਆ ਨਾਲ ਜੁੜੇ ਰਹੇ ਹਨ। ਸਿੰਧ ਘਾਟੀ ਦੀ ਸਭਿਅਤਾ ਦਾ ਅਧਿਐਨ ਇਸ ਤੱਥ ਲਈ ਪੂਰਕ ਹੈ ਕਿ ਉਸ ਸਮੇਂ ਤੱਕ ਪੰਜਾਬ ਦੀ ਧਰਤੀ ਤੇ ਲੋਕਾਂ 'ਚ ਸੰਗੀਤ ਸਿੱਖਿਆ ਅਤੇ ਮਨੋਰੰਜਨ ਦੇ ਹੋਰ ਸਾਧਨ ਅਤੇ ਮਾਧਿਅਮ ਕਾਫੀ ਵਿਕਸਿਤ ਅਵਸਥਾ ਵਿਚ ਪੁੱਜ ਚੁੱਕੇ ਸਨ। ਪੰਜਾਬ ਵਿੱਚ ਆਰੀਆ ਲੋਕਾਂ ਦੇ ਆਗਮਨ ਤੋਂ ਪਹਿਲਾਂ ਦ੍ਰਾਵੜੀ ਸਭਿਆਚਾਰ ਕਾਫ਼ੀ ਵਿਕਸਿਤ ਸੀ। ਦ੍ਰਾਵੜਾਂ ਨੇ ਪੰਜਾਬ ਦੇ ਆਦਿ ਵਸਨੀਕਾਂ ਜਿਨ੍ਹਾਂ ਨੂੰ ਨਿਸ਼ਧ ਕਿਹਾ ਜਾਂਦਾ ਸੀ, ਨੂੰ ਭਾਂਜ ਦਿੱਤੀ ਸੀ ਅਤੇ ਆਪਣੀ ਸਰਦਾਰੀ ਅਤੇ ਜ਼ੋਰਦਾਰੀ ਸਥਾਪਿਤ ਕੀਤੀ ਸੀ। ਦ੍ਰਾਵੜਾਂ ਨੇ ਆਪਣਾ ਇਸ਼ਟ 'ਸ਼ਿਵ' ਜੀ ਨੂੰ ਮੰਨਿਆ ਸੀ, ਜੋ ਤਿਵੇਂ ਦਾ ਤਿਵੇਂ ਦ੍ਰਾਵੜਾਂ ਤੇ ਕਾਬਜ਼ ਹੋਏ ਆਰੀਆ ਲੋਕਾਂ ਨੇ ਵੀ ਸਵੀਕਾਰ ਕਰ ਲਿਆ ਸੀ, ਜੋ ਅਜੇ ਤੱਕ ਵੀ ਉਵੇਂ ਹੀ ਮੰਨਿਆ ਜਾਂਦਾ ਹੈ। ਆਰੀਆਂ ਦੁਆਰਾ ਪ੍ਰਚੱਲਿਤ ਇਸ ਧਾਰਨਾ ਅਨੁਸਾਰ ਸ਼ਿਵ ਜੀ ਹਮੇਸ਼ਾ ਡਮਰੂ ਸਾਜ਼ ਨਾਲ ਅਨੇਕਾਂ ਤਾਲਾਂ ਸਿਰਜਦੇ ਸਨ। ਇਹ ਵੀ ਮਨੌਤ ਹੈ ਕਿ ਡਮਰੂ ਤੋਂ ਹੀ ਹੋਰ ਕਈ ਅਵਨਧ ਸਾਜ਼ਾਂ ਦੀ ਕਾਢ ਨਿਰਮਿਤ ਹੋਈ ਹੈ। ਇਸ ਤਰ੍ਹਾਂ ਦੀਆਂ ਹੋਰ ਵੀ ਕਈ ਮਿੱਥਾਂ ਅਤੇ ਮਿੱਥ ਅਤੇ ਦੰਦ-ਕਹਾਣੀਆਂ ਪ੍ਰਚੱਲਿਤ ਹਨ, ਜੋ ਸਾਬਤ ਕਰਦੀਆਂ ਹਨ ਕਿ 'ਢੋਲ' ਪੂਰਵ-ਇਤਿਹਾਸਕ ਕਲਾ-ਖੰਡਾਂ ਵਿਚ ਪ੍ਰਚੱਲਿਤ ਰਿਹਾ ਮੁੱਢ ਕਦੀਮੀ ਸਾਜ਼ ਹੈ। ਅੱਜ ਦੇ ਦੌਰ ਤੱਕ ਇਹ ਸਾਜ਼ ਨਿਸ਼ਧ, ਦ੍ਰਾਵੜ, ਆਰੀਆ, ਯੂਨਾਨੀ, ਸਿਥੀਅਨ, ਮੌਰੀਆ, ਪਾਰਥੀਅਨ, ਸ਼ਕ, ਕੁਸ਼ਾਣ, ਹੂਣ, ਵਰਧਨ, ਤੋਮਰ, ਗਜ਼ਨਵੀ, ਗੌਰੀ, ਖਿਲਜ਼ੀ, ਤੁਗਲਕ, ਲੋਧੀ, ਮੁਗਲ, ਪੁਰਤਗਾਲੀ, ਡੱਚ, ਫਰਾਂਸੀਸੀ ਅਤੇ ਅੰਗਰੇਜ਼ ਆਦਿ ਲੋਕਾਂ ਦੀਆਂ ਸਲਤਨਾਵਾਂ ਰਜਵਾੜਾਸ਼ਾਹੀਆਂ ਜਾਂ ਰਾਜ-ਕਾਲ ਦੇ ਹਨੇਰਿਆਂ-ਸਵੇਰਿਆਂ ਵਿਚ ਸਦਾ ਹੀ ਲੋਕਤਾ ਦੇ ਨਾਲ ਜੁੜਿਆ ਰਿਹਾ ਹੈ। ਰਾਜ ਦਰਬਾਰਾਂ 'ਚ ਭਾਵੇਂ ਇਸ ਨੂੰ ਸਤਿਕਾਰਯੋਗ ਅਤੇ ਮਿਲਣਯੋਗ ਸਥਾਨ ਨਹੀਂ ਮਿਲਿਆ ਪਰ ਫਿਰ ਵੀ ਆਸ਼ਕ ਮਾਤਰ, ਉਨ੍ਹਾਂ ਦੇ ਸੂਚਨਾ-ਜਗਤ ਦੇ ਪਾਸਾਰੇ ਨਾਲ ਇਹ ਜ਼ਰੂਰ ਜੁੜਿਆ ਰਿਹਾ ਹੈ।

ਲੋਕ-ਸਾਜ਼ 'ਢੋਲ' ਦੀ ਬਨਾਵਟ ਅਤੇ ਇਸ ਦੀ ਬਣਤ ਲਈ ਵਰਤੀ ਜਾਣ ਵਾਲੀ ਸਮੱਗਰੀ ਸਰਲ ਅਤੇ ਸੌਖਿਆਂ ਹੀ ਉਪਲਬਧ ਹੋ ਜਾਣ ਵਾਲੀ ਹੈ। ਪੰਜਾਬ ਵਿਚ ਵਧੇਰੇ ਕਰਕੇ ਅੰਬ ਦੀ ਲੱਕੜੀ ਤੋਂ ਅਤੇ ਬਾਹਰੀ ਸੂਬਿਆਂ ਵਿਚ ਜਿੱਥੇ ਅੰਬ ਦੀ ਲੱਕੜ ਉਪਲਬਧ ਨਹੀਂ ਹੁੰਦੀ ਉੱਥੇ ਕਟਹਲ, ਨਿੰਮ ਜਾਂ ਅਜਿਹੀ ਪੁਖਤ ਕਿਸਮ ਦੀ ਕਿਸੇ ਹੋਰ ਲੱਕੜ ਤੋਂ ਇਸ ਦਾ ਖੋਲ ਬਣਾ ਲਿਆ ਜਾਂਦਾ ਹੈ। ਇਸ ਖੋਲ ਦੀ ਬਣਤ ਬੇਲਣ-ਆਕਾਰ ਦੀ ਹੁੰਦੀ ਹੈ। ਇਕ ਲੱਕੜ ਦੀ ਗੋਲੀ ਨੂੰ ਵਿਚੋਂ ਖੋਖਲਾ ਕਰਕੇ ਬਾਹਰੀ ਰੂਪ 'ਚ ਬੇਲਨ ਆਕਾਰ ਦੇ ਦਿੱਤਾ ਜਾਂਦਾ ਹੈ, ਦੋਹਾਂ ਪਾਸਿਓਂ ਖਾਲੀ ਰਹਿਣ ਦਿੱਤਾ ਜਾਂਦਾ ਹੈ, ਜਿਸ ਉੱਤੇ ਊਠ ਜਾਂ ਬੱਕਰੇ ਦੀ ਖੱਲ, ਜੋ ਚੰਗੀ ਤਰ੍ਹਾਂ ਤਿਆਰ ਕੀਤੀ ਗਈ ਹੁੰਦੀ ਹੈ, ਨੂੰ ਮੜ੍ਹ ਦਿੱਤਾ ਜਾਂਦਾ ਹੈ। ਢੋਲ ਦੇ ਆਕਾਰ ਨੂੰ ਲੰਬਾਈ ਦੇ ਰੁਖ 70-80 ਸੈਂਟੀਮੀਟਰ ਤੱਕ ਰੱਖਿਆ ਜਾਂਦਾ ਹੈ। ਚੌੜਾਈ ਦੇ ਰੁਖ ਗੋਲਾਈ ਨੂੰ ਲਗਭਗ ਵਿਚਕਾਰੋਂ 35 ਸੈਂਟੀਮੀਟਰ ਅਤੇ ਬਾਹਰੀ ਕੋਣਾ ਮੂੰਹਾਂ ਵੱਲ, ਜਿਧਰ ਚਮੜਾ ਜੜ੍ਹਿਆ ਹੁੰਦਾ ਹੈ, ਲਗਭਗ 30-20 ਸੈਂਟੀਮੀਟਰ ਤੱਕ ਰੱਖਿਆ ਜਾਂਦਾ ਹੈ। ਭਾਰਤ ਦੇ ਹੋਰ ਪ੍ਰਾਂਤਾਂ ਵਿਚ ਢੋਲ ਦੇ ਆਕਾਰ, ਲੰਬਾਈ, ਘੇਰਾ ਆਦਿ ਸਬੰਧੀ ਭਿੰਨਤਾ ਵੀ ਹੈ। ਕਈ ਸੂਬਿਆਂ ਵਿਚ ਤਾਂ ਇਸ ਦੀ ਗੁਲਾਈ ਜਿੰਨੀ ਸੈਂਟਰ ਚੋਂ ਰੱਖੀ ਜਾਂਦੀ ਹੈ, ਉਤਨੀ ਹੀ ਬਾਹਰਲੀਆਂ ਦੋਹਾਂ ਸਾਈਡਾਂ, ਜਿੱਥੇ ਚਮੜਾ ਮੜ੍ਹਿਆ ਜਾਂਦਾ ਹੈ, ਤੇ ਰੱਖੀ ਜਾਂਦੀ ਹੈ। ਇਸ ਤਰ੍ਹਾਂ ਪੰਜਾਬੀਆ ਦੇ ਢੋਲ ਦੀ ਵੱਖਰੀ ਪਛਾਣ ਵੀ ਸਥਾਪਿਤ ਹੁੰਦੀ ਹੈ। ਪਰ ਹਰ ਢੋਲ ਵਿਚ ਦੋਹਾਂ ਮੂੰਹਾਂ/ਪਾਸਿਆਂ ਤੇ ਜਿੱਥੇ ਲੱਕੜੀ ਦੇ ਬੇਲਣ ਆਕਾਰ 'ਚ ਚਮੜਾ ਮੜ੍ਹਿਆ ਜਾਂਦਾ ਹੈ, ਉਸ ਕਿਨਾਰੇ ਉੱਤੇ (ਦੋਹੀਂ ਪਾਸੀਂ) ਊਠ ਦੀ ਖੱਲ ਦੀ ਇਕ ਰੱਸੀ ਨੁਮਾ ਬੰਨ੍ਹੀ ਜਾਂ ਜੜੀ ਜਾਂਦੀ ਹੈ, ਜਿਸ ਵਿਚ ਸੂਤ ਦੀਆਂ ਪੱਕੀਆਂ ਡੋਰੀਆਂ ਵੱਟ ਕੇ ਸਮੇਤ ਲੋਹੇ ਜਾਂ ਪਿੱਤਲ ਦੇ

ਛੱਲਿਆਂ ਦੇ, ਪਰੋਅ ਦਿੱਤੀਆਂ ਜਾਂਦੀਆਂ ਹਨ। ਇਕ ਹੋਰ ਕੁੰਡਲ ਵੀ ਪਾਇਆ ਜਾਂਦਾ ਹੈ, ਜੋ ਇਹਨਾਂ ਸਾਰੀਆਂ ਰੱਸੀਆਂ ਦਾ ਕੰਟਰੋਲ ਰੱਖਣ ਵਿਚ ਸਹਾਇਕ ਸਿੱਧ ਹੁੰਦਾ ਹੈ। ਸੂਤ ਦੀਆਂ ਡੋਰੀਆਂ ਅੰਗਰੇਜ਼ੀ ਦੇ ਅੱਖਰ ਐਕਸ ਜਾਂ ਕਾਂਟੇ ਦੀ ਸ਼ਕਲ ਵਿਚ ਸੂਤਰਬੱਧ ਜੜੀਆਂ ਜਾਂਦੀਆਂ ਹਨ, ਤਾਂ ਜੋ ਚਮੜਾ ਢਿੱਲਾ ਪੈਣ ਤੇ ਛੱਲਿਆਂ ਨੂੰ ਖਿੱਚ ਕੇ, ਭਾਵ ਰੱਸੀਆਂ ਕੱਸ ਕੇ, ਢੋਲ ਨੂੰ ਕੱਸਿਆ ਜਾ ਸਕੇ। ਢੋਲ ਤਿਆਰ ਕਰਦੇ ਸਮੇਂ ਉਸ ਦੇ ਇਕ ਪਾਸੇ ਦੇ ਪੁੜੇ ਨੂੰ ਅੰਦਰੋਂ ਇਕ ਖਾਸ ਕਿਸਮ ਦਾ ਮਸਾਲਾ ਵੀ ਲਗਾਇਆ ਜਾਂਦਾ ਹੈ, ਤਾਂ ਜੋ ਥਾਪ ਜਾਂ ਚੋਟ ਮਾਰਨ ਸਮੇਂ ਉਸ ਵਿਚੋਂ ਮੋਟੀ ਅਤੇ ਗਰਜਵੀਂ ਆਵਾਜ਼ ਕੱਢੀ ਜਾ ਸਕੇ। ਢੋਲ ਵਜਾਉਣ ਹਿੱਤ ਢੋਲੀ ਨੂੰ ਢੋਲ ਆਪਣੇ ਗਲ੍ਹ ਵਿਚ ਪਾਉਣਾ ਪੈਂਦਾ ਹੈ। ਇਸ ਕਾਰਜ ਹਿੱਤ ਉਸ ਨੇ ਢੋਲ ਉੱਤੇ ਪਰੋਈਆਂ (ਜੜ੍ਹੀਆਂ) ਗਈ ਰੱਸੀਆਂ (ਡੋਰੀਆਂ) ਨਾਲ ਇਕ ਹੋਰ ਜ਼ਰਾ ਕੁ ਮੋਟੀ ਸੂਤ ਦੀ ਰੱਸੀ ਬੰਨ੍ਹ ਰੱਖੀ ਹੁੰਦੀ ਹੈ, ਤਾਂ ਜੋ ਉਸ ਨਾਲ ਢੋਲ ਨੂੰ ਅੱਗੇ ਵੱਲ ਢੁਕਵੀਂ/ਉਚਿਤ ਨਿਵਾਣ ਤੱਕ ਲਟਕਾਇਆ ਜਾ ਸਕੇ। ਢੋਲ ਦੀ ਦਿੱਖ ਸੁੰਦਰ ਬਣਾਉਣ ਦੇ ਮੰਤਵ ਨਾਲ ਲੱਕੜੀ ਦੇ ਖੋਲ੍ਹ ਉਪਰ ਵੰਨ-ਸਵੰਨੇ ਰੰਗ (ਪਰ ਵਧੇਰੇ ਕਰਕੇ ਲਾਲ, ਕਾਲਾ ਜਾਂ ਦੋ ਕੁ ਰੰਗ ਰਲਾ ਕੇ ਵੀ) ਚਾੜ੍ਹ ਲਏ ਜਾਂਦੇ ਹਨ ਅਤੇ ਬੰਨ੍ਹੀਆਂ ਹੋਈਆਂ ਡੋਰੀਆਂ ਨਾਲ ਰੰਗ ਬਰੰਗੀਆਂ ਫੁੰਮਣੀਆਂ ਬਣਾ ਕੇ ਵੀ ਲਟਕਾ ਲਈਆਂ ਜਾਂਦੀਆਂ ਹਨ ਜਾਂ ਕਦੇ ਕਦੇ ਰੰਗ ਬਿਰੰਗੇ ਰਿਬਨ ਵੀ ਲਟਕਾ ਲਏ ਜਾਂਦੇ ਹਨ।

ਢੋਲ ਨੂੰ ਵਜਾਉਣ ਅਥਵਾ ਧੁਨ ਜਾਂ ਤਾਲ ਸਿਰਜਣ ਵਾਸਤੇ ਦੋ ਤਰ੍ਹਾਂ (ਦੋ ਅਕਾਰਾਂ) ਦੀਆਂ ਸੋਟੀਆਂ (ਛੜੀਆਂ) ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਕ ਹੱਥ ਵਿਚ (ਆਮ ਤੌਰ ਤੇ ਸੱਜੇ ਹੱਥ ਵਿਚ) ਮੋਟੀ ਸੋਟੀ, ਜਿਸ ਨੂੰ ਡੱਗਾ ਵੀ ਕਿਹਾ ਜਾਂਦਾ ਹੈ, ਜੋ ਢੋਲ ਦੇ ਚਮੜੇ ਤੇ ਵੱਜਣ ਵਾਲੇ ਪਾਸਿਉਂ ਪ੍ਰਸ਼ਨ ਚਿੰਨ੍ਹ ਵਾਂਗ ਅੱਗਿਓਂ ਗੋਲ ਅਤੇ ਪਿੱਛੋਂ ਹੱਥ 'ਚ ਫੜ੍ਹਨ ਵਾਲੇ ਥਾਂ ਤੋਂ ਸਿੱਧੀ ਹੁੰਦੀ ਹੈ। ਦੂਸਰੀ ਛੜੀ ਜਾਂ ਸੋਟੀ, ਜੋ ਆਮ ਤੌਰ ਤੇ ਖੱਬੇ ਹੱਥ ਵਿਚ ਹੁੰਦੀ ਹੈ, ਉਹ ਸਿੱਧੀ ਬਾਂਸ ਦੀ ਬਣੀ ਹੋਈ ਪਰ ਪਤਲੀ ਛੜੀ ਹੁੰਦੀ ਹੈ, ਉਸ ਨੂੰ 'ਕਾਨੀ' ਵੀ ਕਿਹਾ ਜਾਂਦਾ ਹੈ। ਢੋਲ ਦੇ ਜਿਸ ਪੁੜੇ (ਪਾਸੇ) ਵਲੋਂ ਭਾਰੀ ਅਤੇ ਗਰਜਵੀਂ ਆਵਾਜ਼ ਨਿਕਲਦੀ ਹੈ, ਉਸ ਨੂੰ ਕੁਝ ਲੋਕ ਮਰਦਾਵੀਂ ਸੁਰ/ਧਾਮਾ ਵੱਜਣਾ ਵੀ ਕਹਿ ਲੈਂਦੇ ਹਨ ਅਤੇ ਦੂਜੀ ਧੁਨ (ਆਵਾਜ਼) ਜੋ ਕਿ ਜ਼ਰਾ ਕੁ ਪਤਲੀ ਅਤੇ ਮੱਧਮ ਹੁੰਦੀ ਹੈ, ਉਸ ਨੂੰ ਨਾਰੀ-ਸੁਰ/ਧੁਨ ਜਾਂ ਆਵਾਜ਼ ਵੀ ਕਹਿ ਲੈਂਦੇ ਹਨ। ਇਸ ਤਰ੍ਹਾਂ ਲੱਕੜ, ਸੂਤ ਦੀ ਪੱਕੀ ਡੋਰੀ, ਊਠ ਜਾਂ ਬੱਕਰੇ ਦੀ ਖੱਲ, ਲੋਹੇ ਜਾਂ ਪਿੱਤਲ ਦੇ ਛੱਲੇ ਛਮਕ ਤੇ ਡੱਗਾ ਅਜਿਹੀ ਸਮੱਗਰੀ ਹੈ ਜੋ ਢੋਲ ਬਣਾਉਣ ਵਾਲੇ ਜਾਂ ਢੋਲ ਵਜਾਉਣ ਵਾਲੇ ਲਈ ਅਵੱਸ਼ਕ ਹੁੰਦੀ ਹੈ। ਸਾਂਝੇ ਪੰਜਾਬ ਵਿਚ, ਪੱਛਮੀ ਪੰਜਾਬ ਦਾ ਸਿਆਲ ਕੋਟ ਅਤੇ ਗੁਜਰਾਤ ਜ਼ਿਲਾ ਢੋਲ ਬਣਾਉਣ ਤੇ ਵਜਾਉਣ ਵਾਲਿਆਂ ਲਈ ਕਾਫ਼ੀ ਪ੍ਰਸਿੱਧ ਰਿਹਾ ਹੈ। ਦੇਸ਼ ਦੀ ਵੰਡ ਉਪਰੰਤ ਏਧਰਲੇ ਪੰਜਾਬ ਦੇ ਕਈ ਨਗਰਾਂ ਵਿਚ ਢੋਲ ਬਣਾਉਣ ਵਾਲੇ, ਢੋਲ ਵੇਚਣ ਵਾਲੇ ਉਪਲੱਬਧ ਹਨ ਪਰ ਅੰਮ੍ਰਿਤਸਰ ਅਤੇ ਪਟਿਆਲਾ ਇਸ ਕਾਰਜ ਲਈ ਖਾਸ ਮਹੱਤਤਾ ਰੱਖਦੇ ਹਨ। ਲੁਧਿਆਣਾ ਤੇ ਜਲੰਧਰ ਵਿਖੇ ਵੀ ਅਜਿਹੀ ਲੋਕ-ਸਿਰਜਣ ਕਲਾ ਦੀਆਂ ਕੁਝ ਉਦਾਹਰਣਾਂ ਉਪਲੱਬਧ ਹਨ।

ਢੋਲ ਵੱਜਦਾ ਵੇਖ ਕੇ ਭਾਵੇਂ ਹਰ ਵਿਅਕਤੀ ਚਿੱਤਵ ਲੈਂਦਾ ਹੈ ਕਿ ਉਹ ਵੀ ਢੋਲ ਵਜਾ ਸਕਦਾ ਹੈ ਪਰੰਤੂ ਇਹ ਬਿਲਕੁਲ ਸੌਖਾ ਕਾਰਜ ਨਹੀਂ ਹੈ। ਢੋਲ ਵਜਾਉਣ ਵਿਚ ਵਧੇਰੇ ਪ੍ਰਬੀਨ ਉਹੋ ਹੀ ਹਨ ਜਿਨ੍ਹਾਂ ਨੇ ਇਹ ਕਲਾ ਪੀੜ੍ਹੀ-ਦਰ-ਪੀੜ੍ਹੀ ਵਿਰਸੇ ਵਿਚ ਭਾਵ ਆਪਣੇ ਬਜ਼ੁਰਗਾਂ ਤੋਂ ਗ੍ਰਹਿਣ ਕੀਤੀ ਹੈ। ਆਮ ਢੋਲੀਆਂ ਨੂੰ ਪੇਸ਼ਾਵਰ ਢੋਲੀ ਬਣਨ ਹਿੱਛ ਅਜਿਹੀ ਕਲਾ ਮਾਹਿਰ ਢੋਲੀਆਂ ਤੋਂ ਸਿੱਖਣੀ ਪੈਂਦੀ ਹੈ। ਪੰਜਾਬ ਵਿਚ ਅਜਿਹਾ ਕਾਰਜ ਕਰਨ ਲਈ ਡੂਮ, ਜੋਗੀ, ਭਿਰਾਈ, ਸ਼ੇਖ ਜਾਂ ਬਾਜ਼ੀਗਰ, ਜਾਤੀਆਂ ਦੇ ਲੋਕ ਖਾਸ ਮੁਹਾਰਤ ਰੱਖਦੇ ਹਨ। ਪਰ ਹੁਣ ਇਹ ਕਸਬ ਇਹਨਾਂ ਜਾਤੀਆਂ ਤੱਕ ਸੀਮਤ ਨਾ ਰਹਿ ਕੇ ਹੋਰ ਜਾਤੀਆਂ ਦੇ ਲੋਕਾਂ ਨੇ ਵੀ ਅਪਨਾਉਣਾ ਸ਼ੁਰੂ ਕਰ ਲਿਆ ਹੈ। ਸ਼ਾਇਦ ਚੰਗੇ ਚੋਖੇ 'ਨਾਵੇਂ' ਖਾਤਰ ਜਾਂ ਬਾਹਰਲੇ ਦੇਸ਼ਾਂ ਨੂੰ ਜਾਣ ਖਾਤਰ। ਪੰਜਾਬ ਵਿਚ ਹਮੇਸ਼ਾ ਖਲੋ ਕੇ ਜਾਂ ਹੌਲੀ ਹੌਲੀ ਤੁਰਦਿਆਂ ਫਿਰਦਿਆਂ ਹੋਇਆਂ ਹੀ ਢੋਲ ਵਜਾਉਣ ਦੀ ਪਰੰਪਰਾ ਰਹੀ ਹੈ, ਪਰ ਅਜੋਕੇ ਦੌਰ ਵਿਚ ਸਟੇਜੀ ਲੋੜਾਂ ਨੇ ਅਜਿਹੀ ਸਰਲ ਅਤੇ ਸ਼ਾਦੀ ਪੇਸ਼ਕਾਰੀ ਵਿਚ ਤਬਦੀਲੀ ਲੈ ਆਂਦੀ ਹੈ, ਜਿਸ ਦਾ ਪ੍ਰਮਾਣ ਵਿਸ਼ੇਸ਼ ਸਟੇਜੀ ਪ੍ਰੋਗਰਾਮਾਂ, ਜਿਨ੍ਹਾਂ ਵਿਚ ਗੀਤ-ਸੰਗੀਤ ਮੰਡਲੀਆਂ ਜਾਂ ਆਰਕੈਸਟਰਾ ਆਦਿ ਹਨ, ਵਿਚੋਂ ਮਿਲਦਾ ਹੈ।

ਢੋਲ ਦੀਆਂ ਤਾਲਾਂ, ਧੁਨਾਂ, ਗੱਲ ਦੀ ਸਮੁੱਚੀ ਵਜਾਉਣ ਪ੍ਰਕਿਰਿਆ ਦੀਆਂ ਬਹੁਤ ਸਾਰੀਆਂ ਪਰਤਾਂ, ਭਿੰਨਤਾਵਾਂ

ਅਤੇ ਵੰਨਗੀਆਂ ਹਨ। ਅਜਿਹੀਆਂ ਭਿੰਨਤਾਵਾਂ ਹਰੇਕ ਉਪ-ਖੇਤਰ ਜਾਂ ਪ੍ਰਾਂਤਕ ਲੋਕਾਂ ਦੇ ਮਨੁੱਖੀ ਹਾਵਾਂ-ਭਾਵਾਂ, ਪ੍ਰਕਿਰਤਕ ਵਾਯੂਮੰਡਲਾਂ, ਇਲਾਕਾਈ ਲੋੜਾਂ ਤੇ ਉਨ੍ਹਾਂ ਦੀਆਂ ਪੂਰਤੀਆਂ, ਰਸਮਾਂ ਰਿਵਾਜਾਂ, ਰਹੁ-ਰੀਤਾਂ, ਮੇਲਿਆਂ ਮੁਸਾਵਿਆਂ, ਜੰਗਾਂ-ਯੁੱਧਾਂ, ਨਾਚ-ਗਾਣੇ ਅਤੇ ਹੋਰ ਮਨੋਰੰਜਨ ਦੇ ਸਾਧਨਾਂ ਦੇ ਪ੍ਰਗਟਾਉ ਅਤੇ ਸੰਚਾਰ ਸੰਦਰਭਾਂ ਵਿਚੋਂ ਜਨਮੀਆਂ ਅਤੇ ਵਿਗਸੀਆਂ ਹੋਈਆਂ ਹੁੰਦੀਆਂ ਹਨ। ਇਹ ਪਰਤਾਂ, ਵੰਨਗੀਆਂ ਜਾਂ ਭਿੰਨਤਾਵਾਂ ਕਿਸੇ ਇਕੋ ਖੇਤਰ ਦੇ ਇਕੋ ਨਾਚ-ਗਾਣੇ ਆਦਿ ਦੀ ਪ੍ਰਸਤੁਤੀ ਦੀਆਂ ਵਿਭਿੰਨ ਮੁਦਰਾਵਾਂ, ਅਦਾਵਾਂ ਅਤੇ ਗੀਤ-ਬੋਲਾਂ ਵਿੱਚ ਵੀ ਪਾਈਆਂ ਜਾਂਦੀਆਂ ਹਨ।

ਦੇਵੀ-ਦੇਵਤਿਆਂ, ਗੁਰੂ-ਪੀਰਾਂ, ਫ਼ਕੀਰਾਂ ਦੀਆਂ ਜਗ੍ਹਾਂ ਤੇ ਸੁੱਖਣਾ ਲਾਹੁਣ ਜਾਣ ਸਮੇਂ ਢੋਲ ਦੀਆਂ ਧੁਨਾਂ ਤੇ ਥਾਪਾਂ, ਸਮਾਜਕ ਰਸਮਾਂ-ਗੀਤਾਂ ਜਿਵੇਂ ਮੁੰਡੇ ਦੇ ਜਨਮ ਸਮੇਂ, ਮੰਗਣੇ ਸਮੇਂ ਜਾਂ ਵਿਆਹ ਦੇ ਅਵਸਰ ਤੇ ਵੱਜਦੇ ਢੋਲ ਤੋਂ ਭਿੰਨ ਹੁੰਦੀਆਂ ਹਨ, ਜਿੱਥੇ ਪਹਿਲੀ ਕਿਸਮ ਦੇ ਢੋਲ ਦੀਆਂ ਆਵਾਜ਼ਾਂ ਧਾਰਮਿਕਤਾ ਤੇ ਸ਼ਰਧਾ ਭਾਵ ਦਾ ਸੰਚਾਰ ਕਰਦੀਆਂ ਹੋਈਆਂ ਰੱਬ ਦਾ ਜਾਂ ਪੀਰ ਫ਼ਕੀਰ ਦਾ ਸ਼ੁਕਰਾਨਾ ਕਰਦੀਆਂ ਜਾਪਦੀਆਂ ਹਨ ਅਤੇ ਕਿਸੇ ਰਹੱਸਾਤਮਕ ਲੋਰ ਵਿਚ ਵਿਚਰਨ ਲਈ ਪ੍ਰਬਲ ਭਾਵਨਾ ਪੈਦਾ ਕਰ ਦਿੰਦੀਆਂ ਹਨ, ਉੱਥੇ ਦੂਜੇ ਥਾਂ ਤੇ ਪ੍ਰਸਤੁਤ ਤਾਨਾਂ ਵਿਚ ਰੁਮਾਂਸ, ਖੁਸ਼ੀ, ਖੇੜਾ ਅਤੇ ਕਿਸੇ ਖਾਸ ਜਿੱਤ ਜਾਂ ਪ੍ਰਾਪਤੀ ਦੇ ਲੋਰ ਨੂੰ ਉਭਾਰਿਆ ਗਿਆ ਹੁੰਦਾ ਹੈ।

ਰਾਜਨੀਤਕ ਅਤੇ ਪ੍ਰਸ਼ਾਸਨਿਕ ਮੰਤਵ ਲਈ ਵੱਜਦਾ ਢੋਲ ਮਹਿਜ ਇਕ ਆਰਡਰ ਜਾਂ ਸੂਚਨਾ ਦਾ ਹੀ ਵਾਹਕ ਜਾਪਦਾ ਹੈ, ਇਸ ਨੂੰ ਸੁਣ ਕੇ ਕੋਈ ਬਹੁਤੀ ਖੁਸ਼ੀ ਨਹੀਂ ਹੁੰਦੀ ਰਹੀ, ਸਗੋਂ ਰਜਵਾੜਾ ਸ਼ਾਹੀ ਸਮੇਂ, ਚੱਟੀਆਂ ਭਰਨ, ਹਰਜ਼ਾਨੇ ਲੱਗਣ ਦੀ ਸੂਚਨਾ ਮਿਲਣ ਦੇ ਹਵਾਲੇ ਹੀ ਮਿਲਦੇ ਰਹੇ ਹਨ।

ਢੋਲ ਤਾਂ ਖੁਸ਼ੀਆਂ ਦੇ ਸਮੇਂ ਹੀ ਸ਼ੋਭਦੇ ਹਨ, ਗਮੀਆਂ 'ਚ ਨਹੀਂ। ਇਸੇ ਕਰਕੇ ਲੋਕ-ਸਾਹਿਤ ਸਿਰਜਣਾ ਅਤੇ ਵਿਸ਼ਿਸ਼ਟ ਸਾਹਿਤ ਸਿਰਜਨਹਾਰਿਆਂ ਨੇ ਢੋਲ ਨੂੰ ਖਾਸ ਅਹਿਮੀਅਤ ਦੇ ਕੇ ਇਸ ਦੀ ਹਰ ਪੱਖੋਂ ਸਲਾਹੁਤਾ ਹੀ ਕੀਤੀ ਹੈ। ਇਕ ਪ੍ਰਚਲਿਤ ਲੋਕ-ਗੀਤ ਹੈ:

*ਪਹਿਲਾਂ ਤਾਂ ਨਾਮ ਲੈਣਾ ਰਾਮ ਦਾ, ਜਿੰਨ੍ਹੇ ਸਾਰੀ ਦੁਨੀਆਂ ਵਸਾਈ।*
*ਦੂਜਾ ਤਾਂ ਨਾਮ ਲੈਣਾ ਮਾਈ ਬਾਪ ਦਾ, ਜਿੰਨ੍ਹੇ ਸੰਸਾਰ ਵਿਖਾਈ।*
*ਚੜ੍ਹਿਆ ਤਾਂ ਚੇਤ-ਵਿਸਾਖ, ਸਰਾਧਿਆ ਧਰਮ ਹੋਏ।*
*ਵੱਜਿਆ ਢੋਲ ਆਪ ਰਾਮ ਜੀ ਪੁੰਨ ਗਿਣੇ।*
*ਇਹ ਦਿਨ ਬਰਤਾਂ ਦੇ ਆਏ, ਗੌਰਜਾਂ ਚੱਲੀਏ ਪਾਣੀਏਂ*
*ਹੱਥ ਲਾ ਲਿਆ ਘੜੋਲੂ ਗੌਰਜਾਂ,*
*ਪਟਰੀ ਪਰ ਬੈਠਿਆ ਰਾਜਾ ਰਾਮ ਜੀ,*
*ਸੀਤਾ ਸ਼ੁਭ ਸੰਕਲਪ, ਤੁਲਸੀ ਦੀ ਡਾਲ ਨਾ ਲੈਣਾ।*
*ਤੁਲਸੀ ਬਾਹਮਨ ਪਿਆਰੀਏ, ਮਰੂਏ ਦੇ ਫੁੱਲ ਨਾ ਲੈਣਾ।*
*ਮਰੂਆ ਜਾਤੀ ਦਾ ਕਦਰੇਟ, ਮਰੂਏ ਦੇ ਫੁੱਲ ਨਾ ਲੈਣਾ।*
*ਸਭ ਥਾਂ ਹਰੀ ਜੀ ਰਾਮਾ ਫਿਰ ਹਰੀ ਆ,*
*ਮਾਨਸ ਫਿਰਿਆ ਨਹੀਂ ਆਉਂਦਾ,*
*ਬਨ ਬਨਸਪਤ ਮਹਿਕੀ ਗੌਰਜਾਂ ਨਾ ਲੈਣਾ।*
*ਬਨ ਬਨਸਪਤ ਫੁੱਲੀ ਗੌਰਜਾਂ ਨਾ ਲੈਣਾ।*
*ਬਨ ਬਨਸਪਤ ਮਹਿਕੀ ਗੌਰਜਾਂ ਨਾ ਲੈਣਾ।*
*ਵੱਜਿਆ ਢੋਲ ਆਇਆ ਸ਼ੁਭ ਸੰਕਲਪ ਦਿਨੈ,*
*ਵੱਜਿਆ ਢੋਲ ਆਪ ਰਾਮ ਜੀ ਪੁੰਨ ਗਿਣੈ।*

ਸਾਹਿਤ ਦੇ ਹੋਰ ਰੂਪਾਂ ਤੋਂ ਬਿਨਾਂ ਲੋਕ-ਸਿਮਰਤੀ, ਲੋਕ-ਵਿਸ਼ਵਾਸਾਂ, ਅਖਾਣਾਂ, ਲੋਕ ਸਿਆਣਪਾਂ, ਮੁਹਾਵਰਿਆਂ ਅਤੇ ਬੁਝਾਰਤਾਂ ਜਿਹੇ ਲੋਕ-ਸਾਹਿਤ ਰੂਪਾਂ 'ਚ ਢੋਲ ਦਾ ਵਿਸ਼ੇਸ਼ ਵਰਣਨ ਹੈ। ਉਦਾਹਰਣ ਵਜੋਂ ਕੁਝ ਕੁ ਅਖਾਣ ਮੁਹਾਵਰੇ

ਹਨ: ਦੂਰ ਦੇ ਢੋਲ ਸੁਹਾਵਣੇ, ਜਿਹੋ ਜਿਹੇ ਬੰਦੇ ਉਹੋ ਜਿਹਾ ਢੋਲ, ਢੋਲ ਵੱਜ ਜਾਣਾ, ਢੋਲ ਦੀ ਪ੍ਰਵਾਹ ਨਾ ਕਰਨਾ, ਢੋਲ ਢਮੱਕੇ 'ਚ ਗੁਆਚ ਜਾਣਾ, ਢੋਲ ਦਾ ਪੋਲ ਖੋਲ੍ਹਣਾ, ਰੱਬ ਕਰੇ ਇਸ ਘਰ ਢੋਲ ਵੱਜੇ, ਢੋਲ ਹੋ ਜਾਣਾ ਆਦਿ। ਗਲਫ਼ਤ ਦੀ ਨੀਂਦ ਵਿਚ ਸੁੱਤੇ ਜਾਂ ਐਸ਼ੋ-ਇਸ਼ਰਤ ਵਿਚ ਮਸਰੂਫ ਹੋਏ ਜਾਂ ਦੰਭੀ ਜੀਵਨ ਵਿਚ ਗੁਲਤਾਨ ਹੋਏ ਕੁਝ ਸ਼ਖਸਾਂ ਨੂੰ ਸੁਚੇਤ ਕਰਦਿਆਂ ਹੋਇਆਂ ਸਾਡੇ ਵੱਡੇ ਵਡੇਰਿਆਂ ਨੇ ਸਮਝਾਉਣ ਖਾਤਰ ਕੁਝ ਬਚਨ ਕਹੇ ਹਨ, ਜੋ ਅਖੁੱਟ ਸੱਚਾਈਆਂ ਬਣ ਗਏ ਹਨ। ਇਨ੍ਹਾਂ ਅਖੁੱਟ ਸੱਚਾਈਆਂ ਵਿਚੋਂ ਇਕ ਢੁਕਵੀਂ ਉਦਾਹਰਣ, ਜਿਸ ਵਿਚ ਢੋਲ ਦਾ ਜ਼ਿਕਰ ਹੈ, ਪ੍ਰਸਤੁਤ ਹੈ:

*ਬਹਿ ਕੇ ਸੋਚ ਇਹ ਭੁਲਣਾ ਮਹਿਲ ਮੇਰਾ*
*ਕਿਸੇ ਢੋਲ ਦੇ ਪੋਲ ਤੇ ਖੜਾ ਤਾਂ ਨਹੀਂ?*

ਏਸੇ ਤਰ੍ਹਾਂ ਬਹੁਤ ਸਾਰੀਆਂ ਬੁਝਾਰਤਾਂ ਵਿਚ ਵੀ ਢੋਲ ਦਾ ਵਰਣਨ ਮਿਲਦਾ ਹੈ, ਜਿਵੇਂ-

*ੳ) ਨਿੱਕਾ ਜਿਹਾ ਵਹਿੜਕਾ, ਉਹਨੂੰ ਬਾਰ੍ਹਾਂ ਨੱਥਾਂ, ਫਿਰ ਵੀ ਬੜ੍ਹਕਾਂ ਮਾਰੇ।*

*ਅ) ਰੋਡਾ ਭੋਡਾ ਬਹਿੜਕਾ, ਨਾ ਹਲ ਵਾਹੇ ਨਾ ਕਾਰ ਕਮਾਵੇ*
*ਅੱਸੀ ਉਸ ਨੇ ਨੱਥਾਂ ਪਾਈਆਂ, ਥਾਪੀ ਦਿੱਤਿਆਂ ਰੌਲਾ ਪਾਵੇ।*

*ੲ) ਬਿਨਾਂ ਮਾਰਿਆਂ ਚੁੱਪ ਉਹ ਰਹਿੰਦਾ, ਮਾਰੋ ਤਾਂ ਡੰਡ ਪਾਏ*
*ਜਦ ਵੀ ਹੈ ਉਹ ਸ਼ੋਰ ਮਚਾਂਦਾ, ਸਭ ਦੇ ਦਿਲ ਨੂੰ ਭਾਏ।*

*ਸ) ਜੇ ਮੈਨੂੰ ਛੇੜੋ ਮੈਂ ਰੌਲਾ ਪਾਵਾਂ, ਮੈਨੂੰ ਨਾ ਛੇੜੋ ਮੈਂ ਚੁੱਪ ਕਰ ਜਾਵਾਂ।*

ਬਹੁਤ ਸਾਰਾ ਗੀਤ-ਸੰਗੀਤ 'ਢੋਲ' ਸਾਜ਼ ਦੀ ਸੰਗਤ ਵਿਚ ਗਾਇਆ ਜਾਂ ਪ੍ਰਸਤੁਤ ਕੀਤਾ ਜਾਂਦਾ ਹੈ। ਇਕ ਗੀਤ ਦੇ ਬੋਲ ਹਨ:

*ਢੋਲ ਵੱਜਦਾ ਨੀ ਸੁਣ ਢੋਲ ਵੱਜਦਾ*
*ਕਿੱਡਾ ਸੋਹਣਾ ਢੋਲ ਦਾ ਨੀ ਤਾਲ ਵੱਜਦਾ*
*ਤੈਨੂੰ ਢੋਲ ਉੱਤੇ ਨੱਚਣਾ ਸਿਖਾਈਏ*
*ਸਾਲ ਪਿੱਛੋਂ ਸੁੱਖ ਨਾਲ ਆਈ ਏ ਵਿਸਾਖੀ*
*ਚਲੋ ਰਲ ਮਿਲ ਭੰਗੜੇ ਪਾਈਏ*
*ਢੋਲ ਵੱਜਦਾ ਨੀ, ਸੁਣ ਢੋਲ ਵੱਜਦਾ...।*

ਮਿਰਜ਼ਾ, ਜੱਗਾ, ਸੁੱਚਾ ਸਿੰਘ ਸੂਰਮਾ, ਜੀਊਣਾ ਮੌੜ, ਦੁੱਲਾ ਭੱਟੀ ਆਦਿ ਨਾਲ ਸਬੰਧਿਤ ਬਹੁਤ ਸਾਰੇ ਲੋਕ ਗੀਤ ਅਤੇ ਲੋਕ-ਗਾਥਾਵਾਂ ਹਨ ਜੋ ਮੁੱਖ ਤੌਰ ਤੇ ਢੋਲ ਦੀ ਤਾਨ/ਤਾਲ ਨਾਲ ਹੀ ਗਾਈਆਂ ਜਾਣੀਆਂ ਸ਼ੋਭਦੀਆਂ ਹਨ ਅਤੇ ਫੱਬਦੀਆਂ ਵੀ ਹਨ। ਉਦਾਹਰਣ ਵਜੋਂ ਦੁੱਲੇ ਦੀ ਲੋਕ ਵਾਰ ਵਿਚੋਂ ਢੋਲ ਦੀ ਤਾਨ 'ਤੇ ਕੁਝ ਬੋਲ ਹਨ:

*ਦੁੱਲਾ ਮੁਖ ਤੋਂ ਬੋਲਦਾ, ਮਾਤਾ ਨੂੰ ਕਹਿ ਠਕੋਰ,*
*ਮੇਰਾ ਦੁੱਲਾ ਨਾਂ ਨਾ ਰੱਖਦੀਉਂ, ਰੱਖਦੀ ਕੁਝ ਹੋਰ।*
*ਚਾਰ ਚੱਕ ਮੈਂ ਭੱਟੀ ਨੇ ਖਾਵਣੇ, ਦੇਣੇ ਸ਼ਕਰ ਵਾਂਗ ਭੋਰ*
*ਮਾਰਾਂ ਅਕਬਰ ਵਾਲੀਆਂ ਡਾਲੀਆਂ, ਤਦੋਂ ਜਾਣੀ ਦੁੱਲਾ ਰਠੌਰ*
*ਮੇਰੇ ਹੇਠਾਂ ਬੱਕੀ ਲੱਖੀ, ਜਿਹੜੀ ਟੁਰਦੀ ਸੁੰਬ ਟਕੋਰ।*
*ਮੈਂ ਪੁੱਤ ਆਂ ਬੱਗੇ ਸ਼ੇਰ ਦਾ, ਮੇਰੇ ਸ਼ੇਰਾਂ ਵਰਗੇ ਤੌਰ*
*ਜੰਮਣਾ ਤੇ ਮਰ ਜਾਵਣਾ, ਓੜਕ ਉੱਡਣਾ ਪਿੰਜਰੇ ਵਿਚੋਂ ਭੌਰ।*

ਏਸੇ ਤਰ੍ਹਾਂ ਢੋਲ ਦੀ ਦਿਲ-ਟੁੰਬਵੀਂ ਤਾਨ ਅਤੇ ਹਿੱਕ ਦੇ ਜ਼ੋਰ ਨਾਲ ਹੀ ਮਿਰਜ਼ਾ ਗਾਇਆ ਜਾ ਸਕਦਾ ਹੈ ਅਤੇ ਜਿਊਣੇ ਮੌੜ, ਜੱਗੇ ਡਾਕੂ ਦਾ, ਸੱਚੇ ਸੂਰਮੇ ਦਾ ਕੋਈ ਪ੍ਰਸੰਗ ਵੀ ਪ੍ਰਸਤੁਤ ਕੀਤਾ ਜਾ ਸਕਦਾ ਹੈ।

ਜੋਧਿਆਂ ਦੀਆਂ ਵਾਰਾਂ, ਸੂਰਮਿਆਂ ਦੀਆਂ ਗਾਥਾਵਾਂ ਤੋਂ ਛੁੱਟ ਯੁੱਧਾਂ ਵਿਚ ਲੜਾਈ ਦੀਆਂ ਮੁਹਿੰਮਾਂ ਤੇ ਚੜ੍ਹਨ ਸਮੇਂ ਢੋਲ ਜਾਂ ਇਸ ਦੀ ਇਕ ਵੰਨਗੀ ਵਿਚੋਂ ਜਿਸ ਨੂੰ ਨਗਾਰਾ, ਦਮਾਮਾ ਜਾਂ ਧੌਂਸਾਂ ਵੀ ਕਿਹਾ ਜਾਂਦਾ ਹੈ, ਵੀ ਖ਼ੂਬ

ਵਜਾਇਆ ਜਾਂਦਾ ਰਿਹਾ ਹੈ। ਮੱਧਕਾਲੀਨ ਸਮੇਂ ਵਿਚ ਅਜਿਹੇ ਸਾਜ਼ਾਂ ਦੀ ਵਰਤੋਂ ਯੁੱਧ ਦੀ ਚੜ੍ਹਾਈ ਸਮੇਂ ਥੋੜ੍ਹੀ ਸੈਨਾ ਦਾ ਬਹੁਤਾ ਪ੍ਰਭਾਵ ਅਤੇ ਉਸ ਵਲੋਂ ਡਰ ਜਾਂ ਦਹਿਸ਼ਤ ਦਾ ਵਾਤਾਵਰਨ ਸਿਰਜਨ ਹਿੱਤ ਕੀਤਾ ਜਾਂਦਾ ਰਿਹਾ ਹੈ। ਇਹੋ ਜਿਹੇ ਅਵਸਰਾਂ ਤੇ ਢੋਲ ਨੇ ਬੀਰ ਰਸ ਦੀ ਸਿਰਜਨਾ ਕੀਤੀ ਜੋ ਪੰਜਾਬੀਅਤ ਦੇ ਜੁੱਸੇ ਦੀ ਮੂੰਹ ਬੋਲਦੀ ਤਸਵੀਰ ਹੈ। ਡੌਲਿਆਂ ਨੂੰ ਫਰਕਣ ਲਾ ਦੇਣਾ, ਬਾਹਾਂ ਵਿਚ ਕਹਿਰਾਂ ਦੀ ਤਾਕਤ ਭਰ ਦੇਣਾ, ਜੁੱਸਾ ਗਰਮਾਅ ਦੇਣਾ, ਹੱਥੀਂ ਹਥਿਆਰ ਫੜਾ ਕੇ ਆਪਣੇ ਤੋਂ ਤਗੜਿਆਂ ਨਾਲ ਜੂਝਣ ਦੇ ਸਮਰੱਥ ਬਣਾਉਣਾ ਅਤੇ ਫਿਰ ਜਿੱਤ ਦੀ ਪ੍ਰਾਪਤੀ ਕਰਵਾ ਦੇਣੀ, ਇਹ ਸਾਜ਼ਾਂ ਵਿਚੋਂ ਸਾਜ਼ ਢੋਲ ਦੇ ਵੰਡੇ ਹੀ ਆਈ ਹੈ। ਇਸੇ ਕਰਕੇ ਇਸ ਨੂੰ ਮਰਦਾਵੇਂ ਗੁਣਾਂ ਵਾਲਾ ਸਰਦਾਰ ਸਾਜ਼ ਸਵੀਕਾਰਿਆ ਗਿਆ ਹੈ।

ਢੋਲ ਦਾ ਸਬੰਧ ਮੇਲਿਆਂ, ਰੁੱਤਾਂ, ਤਿਉਹਾਰਾਂ ਨਾਲ ਵੀ ਅਨਿੱਖੜ ਰੂਪ ਵਿਚ ਜੁੜਿਆ ਰਿਹਾ ਹੈ। ਵਿਸਾਖੀ ਦਾ ਮੇਲਾ ਹੋਵੇ ਤਾਂ ਪੰਜਾਬੀ ਢਾਣੀਆਂ ਵਿਚ ਨੱਚਦੇ ਟੱਪਦੇ, ਢੋਲੀ ਦੇ ਡੱਗੇ ਦੇ ਰਿਦਮ ਨਾਲ ਕਦਮ ਮਿਲਾਉਂਦੇ ਹੋਏ ਮੇਲੇ ਨੂੰ ਤੁਰਦੇ ਹਨ। ਧਨੀ ਰਾਮ ਚਾਤ੍ਰਿਕ ਦਾ ਇਕ ਗੀਤ ਢੋਲ ਦੀ ਤਾਨ ਤੇ ਪੰਜਾਬੀਆਂ ਦੁਆਰਾ ਮੇਲੇ ਜਾਣ ਦੇ ਦ੍ਰਿਸ਼ ਨੂੰ ਇਉਂ ਬਿਆਨਦਾ ਹੈ:

*ਤੂੜੀ ਤੰਦ ਸਾਂਭ ਹਾੜੀ ਵੱਟ ਕੇ*
*ਲੰਬੜਾਂ ਤੇ ਸ਼ਾਹਵਾਂ ਦਾ ਹਿਸਾਬ ਕੱਟ ਕੇ*
*ਪੱਗ ਝੱਗਾ ਚਾਦਰ ਨਵੇਂ ਸਿਵਾਇ ਕੇ*
*ਸੰਮਾਂ ਵਾਲੀ ਡਾਂਗ ਉੱਤੇ ਤੇਲ ਲਾਇ ਕੇ*
*ਕੱਛੇ ਮਾਰ ਵੰਝਲੀ ਆਨੰਦ ਛਾ ਗਿਆ*
*ਮਾਰਦਾ ਦਮਾਮੇ ਜੱਟ ਮੇਲੇ ਆ ਗਿਆ...*

ਏਸੇ ਤਰ੍ਹਾਂ ਲੋਹੜੀ ਦੇ ਅਵਸਰ 'ਤੇ ਜਿਨ੍ਹਾਂ ਘਰਾਂ ਵਿਚ ਪੁੱਤਾਂ ਦੇ ਵਿਆਹ ਹੋਏ ਹੋਣ ਜਾਂ ਪੁੱਤਾਂ ਨੇ ਜਨਮ ਲਿਆ ਹੋਵੇ, ਦਾ ਢੋਲ ਵੱਜਣ ਤੋਂ ਫੱਟ ਪਤਾ ਲੱਗ ਜਾਂਦਾ ਹੈ। ਹੋਲੀ ਦੇ ਤਿਉਹਾਰ ਸਮੇਂ ਤਾਂ ਢੋਲੀ ਲੱਭਣੇ ਔਖੇ ਹੋ ਜਾਂਦਾ ਹਨ। ਹੋਲਾ ਮਹੱਲਾ ਤਾਂ ਸੱਜਦਾ ਹੀ ਢੋਲ ਨਾਲ ਹੈ। ਬਸੰਤ ਰੁੱਤ ਦੀ ਆਮਦ, ਵਿਸਾਖੀ ਦੇ ਨੇੜਲੇ ਦਿਨਾਂ 'ਚ ਫਸਲਾਂ ਦੀ ਕਟਾਈ ਲਈ ਦਿੱਤੀਆਂ ਆਹਵਰਾਂ ਸਮੇਂ ਢੋਲ ਵੱਜਣਾ ਅਨਿਵਾਰੀ ਹੁੰਦਾ ਹੈ। ਅਜਿਹੇ ਸਮਿਆਂ ਤੇ ਢੋਲ ਦਾ ਵਜਾਉਣਾ ਸਮਾਜਕ ਤੌਰ ਤੇ ਵੱਡੋ ਦਾ ਪ੍ਰਗਟਾਵਾ ਕਰਨਾ ਵੀ ਸਮਝਿਆ ਜਾਂਦਾ ਹੈ ਅਤੇ ਕਰਿੰਦਿਆਂ ਨੂੰ ਕੰਮ ਕਰਨ ਲਈ ਹੋਰ ਉਤੇਜਿਤ ਅਤੇ ਉਤਸ਼ਾਹਿਤ ਕਰਨ ਦਾ ਕਾਰਗਰ ਬੀੜਾ ਵੀ ਇਹ ਢੋਲ ਹੀ ਬਣਦਾ ਹੈ। ਮੁਟਿਆਰ ਅਤੇ ਗੱਭਰੂਆਂ ਦੇ ਆਪਸੀ ਪ੍ਰੇਮ-ਵਿਛੋੜੇ ਜਾਂ ਉਦਰੇਵੇਂ ਨੂੰ ਦੂਰ ਕਰਕੇ ਰੁਝੇਵਿਆਂ ਦਾ ਸੰਕੇਤ ਵੀ ਢੋਲ ਦੇ ਵੱਜਣ ਦਾ ਸੁਨੇਹਾ ਦੇ ਕੇ ਕੀਤਾ ਜਾਂਦਾ ਹੈ। ਇਕ ਗੀਤ ਦੇ ਬੜੇ ਪਿਆਰੇ ਬੋਲ ਹਨ:

*ਵੱਜ ਗਏ ਨੇ ਵਾਢੀਆਂ ਦੇ ਢੋਲ*
*ਵੇ ਚੰਨਾ ਵੱਸ ਅੱਖੀਆਂ ਦੇ ਕੋਲ*
*ਭਾਵੇਂ ਬੋਲ ਤੇ ਭਾਵੇਂ ਨਾ ਬੋਲ, ਚੰਨਾ...*

ਪੰਜਾਬ ਹੱਸਣ ਖੇਡਣ, ਨੱਚਣ ਟੱਪਣ ਅਤੇ ਮੌਜ ਮਸਤੀ ਦੀ ਚਰਮ ਸੀਮਾਂ ਤੱਕ ਪੁੱਜ ਜਾਣ ਵਾਲੇ ਨਿਵਾਸੀਆਂ ਦਾ ਖਿੱਤਾ ਹੈ। ਮਨੁੱਖ ਤਾਂ ਕਿਤੇ ਰਿਹਾ, ਪੰਜਾਬੀਆਂ ਨੇ ਢੋਲ ਦੀ ਤਾਨ 'ਤੇ ਘੋੜਿਆਂ, ਘੋੜੇ, ਹਾਥੀ ਜਾਂ ਕੁਝ ਹੋਰ ਜਾਨਵਰ ਵੀ ਨਚਾ ਦਿੱਤੇ ਹਨ। ਮੇਲਾ ਜਰਗ ਦਾ ਹੋਵੇ, ਛਪਾਰ ਦਾ ਹੋਵੇ, ਜਗਰਾਵਾਂ ਦਾ ਰੌਸ਼ਨੀ ਹੋਵੇ, ਅੱਚਲ ਬਟਾਲੇ ਦੀ ਸ਼ਿਵਰਾਤਰੀ ਹੋਵੇ, ਤਰਨਤਾਰਨ ਦੀ ਮੱਸਿਆ ਹੋਵੇ, ਮੁਕਤਸਰ ਦੀ ਮਾਘੀ ਜਾਂ ਅਨੰਦਪੁਰ ਸਾਹਿਬ ਦਾ ਹੋਲਾ-ਮਹੱਲਾ-ਢੋਲ ਦੀ ਤਾਨ ਤੇ ਮਰਦ ਨੱਚਦੇ ਕੁੱਦਦੇ ਝੂਮਦੇ ਮੌਜ ਮਸਤੀ ਕਰਦੇ ਹਨ। ਮਾਝੇ, ਮਾਲਵੇ, ਦੁਆਬੇ ਦੇ ਬਹੁਤ ਸਾਰੇ ਪਿੰਡ 'ਚ ਪੈਂਦੀਆਂ ਛਿੰਝਾਂ, ਆਯੋਜਿਤ ਕੀਤੇ ਜਾਂਦੇ ਦੰਗਲ ਤਾਂ ਢੋਲੀਆਂ ਦੀ ਢੋਲ ਵਜਾਉਣ ਦੀ ਕਲਾ-ਪ੍ਰਤਿਭਾ ਦਾ ਜਿਵੇਂ ਇਮਤਿਹਾਨ ਲੈਣ ਆਉਂਦੇ ਹਨ। ਛਿੰਝਾਂ ਜਾਂ ਦੰਗਲਾਂ ਦੇ ਅਖਾੜਿਆਂ 'ਚ ਲਾਕੜੀ ਜਾਂ ਢੋਲੀ ਹੀ ਵੜ ਸਕਦਾ ਹੈ ਹੋਰ ਕੋਈ ਨਹੀਂ। ਕਈ ਵਾਰ ਤਾਂ ਅਜਿਹੇ ਥਾਵਾਂ ਤੇ ਪਹਿਲਵਾਨਾਂ ਆਦਿ ਦੀ ਜਿੱਤ ਜਾਂ ਹਾਰ ਢੋਲ ਦੀ ਸੁਰ, ਤਾਨ 'ਤੇ ਹੀ ਨਿਰਭਰ ਕਰਦੀ ਰਹੀ ਹੈ। ਇਸ ਤਰ੍ਹਾਂ ਢੋਲ ਨੇ ਬਹੁਤ ਸਾਰੀਆਂ ਲੋਕ ਖੇਡਾਂ ਜਿਨ੍ਹਾਂ

'ਚ ਕਬੱਡੀਆਂ, ਕੁਸ਼ਤੀਆਂ, ਦੰਗਲ, ਰੱਸਾਕਸ਼ੀ, ਦੌੜਾਂ, ਮੁਗਦਰ ਫੇਰਨੇ, ਭਾਰ ਚੁੱਕਣੇ ਆਦਿ ਸਮਿਲਤ ਹਨ, ਨੂੰ ਰੋਚਕ ਬਣਾ ਕੇ ਚਿਰਾਂ ਤਕ ਜੀਵਤ ਰੱਖਿਆ ਹੈ।

ਬਹੁਤ ਸਾਰੇ ਹੋਰ ਸੰਦਰਭਾਂ ਨਾਲ ਵੀ ਢੋਲ ਦਾ ਨਹੁੰ-ਮਾਸ ਦਾ ਰਿਸ਼ਤਾ ਜੁੜਿਆ ਹੋਇਆ ਹੈ। ਪਰੰਤੂ ਪੰਜਾਬ ਦੇ ਲੋਕ-ਨਾਚ ਤਾਂ ਸਭ ਤੋਂ ਵੱਧ ਢੋਲ ਨਾਲ ਹੀ ਨੱਚੇ ਜਾਂਦੇ ਹਨ, ਇਸ ਦਾ ਇਹ ਕਾਰਨ ਹੈ ਕਿ ਪੰਜਾਬ ਦੇ ਲੋਕ ਨਾਚਾਂ, ਖਾਸ ਕਰਕੇ ਮਰਦਾਵੇਂ ਲੋਕ ਨਾਚਾਂ, ਦੇ ਵਿਸ਼ੇਸ਼ ਗੁਣ, ਬੀਰਤਾ, ਸਾਹਸ, ਤਕੜਾਈ ਆਦਿ ਦੇ ਪ੍ਰਸਤੁਤੀ ਭਾਵਾਂ ਦੇ ਸੰਚਾਰ ਹਿਤ ਢੋਲ ਤੋਂ ਵੱਧ ਹੋਰ ਕੋਈ ਢੁਕਵਾਂ ਸਾਜ਼ ਹੀ ਨਹੀਂ ਹੈ। ਭੰਗੜਾ, ਝੂੰਮਰ, ਲੁੱਡੀ, ਜੱਲੀ, ਧਮਾਲ, ਫੁੱਮਣੀਆਂ, ਸੰਮੀ ਆਦਿ ਪ੍ਰਸਿੱਧ ਲੋਕ-ਨਾਚ, ਜੋ ਢੋਲ ਦੇ ਨਾਲ ਹੀ ਸ਼ੋਭਦੇ ਹਨ ਕਿਉਂਕਿ ਢੋਲ ਦੀ ਤਾਨ 'ਚ ਰੂਹਾਨੀ ਮਸਤੀ ਤੇ ਖੁਮਾਰੀ, ਜੋਸ਼, ਹਿਲੋਰਾ, ਬੜ੍ਹਕ ਆਦਿ ਜਿਹੇ ਸਾਰੇ ਗੁਣ ਲੱਛਣਾਂ ਦਾ ਸਮਨਵੈ ਵਿਆਪਕ ਹੈ।

ਭੰਗੜੇ ਦੀ ਪ੍ਰਸਿੱਧ ਤਾਲ:

| | | | | | | | |
|---|---|---|---|---|---|---|---|
| *1* | *2* | *3* | *4* | *5* | *6* | *7* | *8* |
| *ਧਿਨ* | *ਧ* | *ਨਾ* | *ਧਿਨ* | *ਧਿਨ* | *ਤ* | *ਨਾ* | *ਕਤ* |

ਭੰਗੜੇ ਨਾਚ ਦੇ ਆਰੰਭ ਸਮੇਂ ਧੀਮੀ ਧੀਮੀ ਵੱਜਦੀ ਹੈ, ਨਚਾਰ ਤਾਲ ਦੇ ਅਨੁਰੂਪ ਪੈਰ ਅਤੇ ਸਰੀਰ ਦੇ ਹੋਰ ਅੰਗਾਂ ਨੂੰ ਲਟਕਾਉਂਦੇ, ਮਟਕਾਉਂਦੇ ਅਤੇ ਹਲੂਣਦੇ ਹੋਏ ਕਈ ਪ੍ਰਕਾਰ ਦੀਆਂ ਮੁਦਰਾਵਾਂ ਦਾ ਸੰਚਾਰ ਕਰਦੇ ਹਨ। ਇਸ ਸਮੇਂ ਜਾਂ ਤਾਂ ਉਹ ਖੁਦ ਬੋਲੀ ਪਾ ਰਹੇ ਹੁੰਦੇ ਹਨ ਜਾਂ ਢੋਲੀ ਜਾਂ ਹੋਰ ਸਾਥ ਦੇ ਰਹੇ ਸਾਥੀ ਬੋਲੀ ਪਾਉਂਦੇ ਹਨ:

*ਦੇਸ਼ ਪੰਜਾਬ ਦੇ ਮੁੰਡੇ ਸੁਣੀਦੇ, ਹਿੱਕਾਂ ਰੱਖਦੇ ਤਣੀਆਂ*
*'ਕੱਠੇ ਹੋ ਕੇ ਪਾਉਣ ਬੋਲੀਆਂ, ਮੁੱਛਾਂ ਰੱਖਦੇ ਖੜੀਆਂ*
*ਰਲ ਮਿਲ ਕੇ ਇਹ ਪਾਉਣ ਭੰਗੜਾ, ਸਹਿੰਦੇ ਨਾ ਕਿਸੇ ਦੀਆਂ ਤੜੀਆਂ*
*ਐਰ ਗੈਰ ਨਾਲ ਗੱਲ ਨਹੀਂ ਕਰਦੇ, ਵਿਆਹ ਕੇ ਲਿਆਉਂਦੇ ਪਰੀਆਂ*
*ਵੇਲਾਂ ਧਰਮ ਦੀਆਂ, ਜੁੱਗੋ ਜੁਗ ਰਹਿਣ ਹਰੀਆਂ, ਵੇਲਾਂ...।*

ਬੋਲੀ ਦੀ ਅੰਤਮ ਤੁਕ ਤੇ ਢੋਲ ਵੱਜਣ ਦੀ ਗਤੀ ਤੀਬਰ ਹੋ ਚੁੱਕੀ ਹੁੰਦੀ ਹੈ, ਨਾਲ ਹੀ ਨਚਾਰਾਂ ਦੀ ਨੱਚਣ ਦੀ ਗਤੀ ਵੀ ਤੇਜ਼ ਹੋ ਜਾਂਦੀ ਹੈ- ਤੇਜ਼ ਗਤੀ 'ਚ ਵੱਜਦੇ ਢੋਲ ਤੇ ਇਕ ਬੋਲੀ ਹੋਰ ਪੈ ਜਾਂਦੀ ਹੈ-

*ਇਹ ਗੱਭਰੂ ਦੇਸ਼ ਪੰਜਾਬ ਦੇ, ਉੱਡਦੇ ਵਿਚ ਹਵਾ*
*ਇਹ ਨੱਚ ਨੱਚ ਭੰਗੜਾ ਪਾਉਂਦੇ, ਤੇ ਦੇਂਦੇ ਧੂੜ ਉਡਾ*

ਤੇਜ਼ ਤਰਾਰ ਨੱਚਣ ਵਾਲੇ ਗੱਭਰੂ ਢੋਲੀ ਨੂੰ ਵੰਗਾਰ ਵੀ ਦੇਂਦੇ ਹਨ ਤੇ ਕਹਿੰਦੇ ਹਨ-

*ਹੋ- ਢੋਲ ਵਾਲਿਆਂ ਸ਼ੇਖਾ-*
*ਜ਼ਰਾ ਡੱਗਾ ਜ਼ੋਰ ਦੀ ਲਾ*
*ਪਾਰ ਝਨਾਉ ਵੱਸਦਾ ਈ ਬੇਲਾ, ਦਬ ਕੇ ਡੱਗਾ ਮਾਰ ਓ-ਸ਼ੇਖਾ,*
*ਦੁਨੀਆਂ ਝੱਟ ਦਾ ਮੇਲਾ।*

ਇਸ ਸਮੇਂ ਢੋਲੀ ਨਾਚ ਗਤੀ ਨੂੰ ਤੇਜ਼ ਕਰਨ ਹਿੱਤ ਅਤੇ ਉਚਾਰ ਨੂੰ ਸਹਾਰਾ ਦੇਣ ਵਾਸਤੇ ਆਪਣੇ ਦੋਹਾਂ ਹੱਥਾਂ 'ਚ ਫੜੀਆਂ ਸੋਟੀਆਂ ਨੂੰ ਢੋਲ ਉੱਤੇ ਮਾਰਦਾ ਹੋਇਆ ਇਹ ਤਾਲ ਸਿਰਜਦਾ ਹੈ:

*ਧਧਾ ਧਧਾ ਧਧਾ ਧਿਨ ਧਿਨ*

ਨਾਚ ਦੇ ਵੱਖ-ਵੱਖ ਸਮੇਂ ਢੋਲੀ ਢੋਲ ਨੂੰ ਵੱਖਰੇ-ਵੱਖਰੇ ਅੰਦਾਜ਼ 'ਚ ਵਜਾਉਂਦਾ ਹੈ, ਆਰੰਭ ਵਿਚ ਇਕ ਦੋ ਤਿੰਨ ਤਕ ਡਗਾ ਹੀ ਮਾਰਿਆ ਜਾਂਦਾ ਹੈ, ਨਚਾਰਾਂ ਦੇ ਵਿਚਕਾਰ ਖਲੋ ਜਾਣ ਉਪਰੰਤ ਉਹ ਨਾਚ ਨੱਚਣ ਵਾਲੀਆਂ ਤਾਨਾਂ ਸ਼ੁਰੂ ਕਰ ਦੇਂਦਾ ਹੈ। ਨਚਾਰਾਂ ਦੀਆਂ ਸਰੀਰਕ ਮੁਦਰਾਵਾਂ ਢੋਲ ਦੀ ਤਾਨ ਜਾਂ ਰਿਦਮ ਦੇ ਬਦਲਣ ਨਾਲ ਬਦਲਦੀਆਂ ਰਹਿੰਦੀਆਂ ਹਨ। ਵਿਸਾਖੀ ਦੇ ਅਵਸਰ ਜਾਂ ਫਸਲਾਂ ਦੇ ਪੱਕਣ ਸਮੇਂ ਦੀ ਇਕ ਬੋਲੀ 'ਚ ਢੋਲ ਦੀ ਉਪਮਾ ਅਤੇ ਪੰਜਾਬੀ ਸਭਿਆਚਾਰ ਦਾ ਇਕ ਦ੍ਰਿਸ਼ ਮਾਣੋ ਜਿਸ ਵਿਚ ਅਸਮਾਨ ਢੋਲ ਨੂੰ ਵਜਾਉਂਦਾ ਹੋਇਆ ਦਰਸਾਇਆ ਗਿਆ ਹੈ:

*ਸਾਡੇ ਖੇਤਾਂ ਦੇ ਵਿਚ ਲੋਕੋ, ਉੱਗੇ ਸੋਨਾ ਚਾਂਦੀ,*

*ਥਾਂ ਥਾਂ ਮਸਤ ਜਵਾਨੀ ਲੋਕੋ, ਫਿਰਦੀ ਪੈਲਾਂ ਪਾਂਦੀ,*
*ਅੰਬਾਂ ਦੀ ਛਾਂ ਥੱਲੇ ਲੋਕੋ, ਰੱਜ ਰੱਜ ਪੀਂਘਾਂ ਪੈਣ,*
*ਕੁੜੀਆਂ ਪੀਂਘੀ ਚੜ੍ਹ ਚੜ੍ਹ ਲੋਕੋ, ਮਸਤ ਹੁਲਾਰੇ ਲੈਣ,*
*ਮਿੱਟੀ ਦੀ ਮੁੱਠ ਭੰਗੜਾ ਪਾਵੇ, ਅੰਬਰ ਢੋਲ ਵਜਾਵੇ,*
*ਬੰਦੇ ਦਾ ਸਾਹ ਚੁੰਗੀਆ ਭਰਦਾ, ਹਿਰਨ ਪਿਆ ਸ਼ਰਮਾਵੇ,*
*ਨੂਰਾ ਸਿਆਲਕੋਟੀਆ, ਭੰਗੜੇ 'ਚ ਢੋਲ ਵਜਾਵੇ,*
*ਨੂਰਾ ਸਿਆਲਕੋਟੀਆ...*

ਪੰਜਾਬੀਆਂ ਦਾ ਹਰਮਨ ਪਿਆਰਾ ਲੋਕ-ਨਾਚ ਝੂੰਮਰ ਵੀ ਢੋਲ ਦੀ ਤਾਲ 'ਤੇ ਨੱਚਿਆ ਜਾਂਦਾ ਰਿਹਾ ਹੈ। ਝੂੰਮਰ ਦੀਆਂ ਤਿੰਨ ਪ੍ਰਮੁੱਖ ਤਾਲਾਂ- ਮੱਠੀ ਤਾਲ, ਤੇਜ਼ ਤਾਲ ਅਤੇ ਬਹੁਤ ਹੀ ਤੇਜ਼ ਤਾਲ -ਢੋਲ ਦੇ ਸਹਾਰੇ ਹੀ ਸਿਰਜਦੀ ਗਈਆਂ ਹਨ ਅਤੇ ਇਸੇ ਦੇ ਸਹਾਰੇ ਪ੍ਰਦਰਸ਼ਿਤ ਕਰਨੀਆਂ ਸੰਭਵ ਹਨ। ਢੋਲ ਤੇ ਝੂੰਮਰ ਨਾਚ ਦੀ ਪ੍ਰਸਿੱਧ ਤਾਲ-

*ਧਿਨ ਧਿਨ, ਤਿਨਾਕੇ ਤਾ ਤਾ ਕਿ ਤਨਾਕ* ਹੈ।

ਝੂੰਮਰ ਨਾਚ ਨਾਲ ਗਾਏ ਜਾਣ ਵਾਲੇ ਲੋਕ-ਗੀਤ ਧੀਮੀ ਤਾਲ 'ਚ ਪ੍ਰਸਤੁਤ ਹੁੰਦੇ ਹਨ, ਦੂਜੀ ਤਾਲ ਜੋ ਤੇਜ਼ ਹੁੰਦੀ ਹੈ ਵਿਚ 'ਚੀਣਾ' ਛੜਨ ਵਾਲਾ ਗੀਤ ਜਿਵੇਂ:

*ਚੀਣਾ ਇੰਜ ਛੜੀਂਦਾ ਲਾਲ*
*ਚੀਣਾ ਇੰਜ ਛੜੀਂਦਾ ਹੇ*
*ਮੋਹਲਾ ਇੰਜ ਮਰੀਂਦਾ ਲਾਲ*
*ਮੋਹਲ ਇੰਜ ਮਰੀਂਦਾ ਹੇ। ਚੀਣਾ...।*

ਪ੍ਰਸਤੁਤ ਕੀਤਾ ਜਾਂਦਾ ਹੈ। ਤੀਜੀ ਤੇਜ਼ ਤਾਲ ਤੇਜ 'ਧਮਾਲ' ਦਾ ਰੂਪ ਵੀ ਅਖਤਿਆਰ ਕਰ ਲੈਂਦੀ ਹੈ। ਇਸੇ ਤਰ੍ਹਾਂ ਲੁੱਡੀ, ਝੁੰਮਣੀਆਂ, ਜੱਲੀ ਆਦਿ ਅਨੇਕਾਂ ਲੋਕ-ਨਾਚ ਢੋਲ ਦੀ ਸੰਗਤ 'ਚ ਲੋਕ-ਗੀਤਾਂ ਦੇ ਬੋਲਾਂ ਨੂੰ ਜੋੜ ਕੇ ਨਚਾਰਾਂ ਦੁਆਰਾ ਨੱਚੇ ਜਾਂਦੇ ਹਨ। ਢੋਲ ਦੀਆਂ ਹੋਰ ਅਨੇਕਾਂ ਤਾਲਾਂ ਨੂੰ ਵੀ ਸਮੇਂ ਅਨੁਸਾਰ ਢੋਲੀਆਂ ਦੁਆਰਾ ਦਰਸਾਇਆ ਜਾ ਸਕਦਾ ਹੈ। ਲੋਕ ਨਾਚਾਂ, ਲੋਕ-ਖੇਡਾਂ ਤੇ ਲੋਕ ਗਥਾਵਾਂ, ਵਾਰਾਂ ਆਦਿ ਤੋਂ ਛੁਟ ਪੰਜਾਬੀ ਮਨਾਂ ਨੇ ਢੋਲ ਨੂੰ ਹੋਰ ਟੱਪੇ ਬੋਲੀਆਂ 'ਚ ਵੀ ਵਿਸ਼ੇਸ਼ ਪਿਆਰ, ਲਗਨ ਅਤੇ ਉਮਾਹ ਨਾਲ ਸੰਜੋਇਆ ਹੈ। ਉਦਾਹਰਣ ਵਜੋਂ ਕੁਝ ਰਲੀਆਂ ਮਿਲੀਆਂ ਬੋਲੀਆਂ ਹਨ:

1 *ਜੱਗਾ ਜੰਮਿਆ ਤੇ ਮਿਲਣ ਵਧਾਈਆਂ, ਵੱਡਾ ਹੋ ਕੇ ਡਾਕੇ ਮਾਰਦਾ,*
*ਜੱਗਿਆ, ਤੁਰ ਪ੍ਰਦੇਸ ਗਿਉਂ ਬੂਹਾ ਵੱਜਿਆ।*

2 *ਜੀਊਣਾ ਮੌੜ ਨਹੀਂ ਕਿਸੇ ਬਣ ਜਾਣਾ, ਘਰ ਘਰ ਪੁੱਤ ਜੰਮਦੇ...*

3 *ਸ਼ੇਰ ਬੁੱਕਿਆ ਲੰਡਨ ਵਿਚ ਜਾ ਕੇ, ਹਿੰਦ ਨੂੰ ਆਜ਼ਾਦ ਕਰ ਦਿਉ*
*ਗੋਰਿਓ ਗੋਰਿਓ ਹਿੰਦ ਨੂੰ ਆਜ਼ਾਦ ਕਰ ਦਿਓ।*

4 *ਤੀਰ ਨਾ ਜਾਣੇ ਤਰਕਸ਼ ਜਾਣ, ਹੋ ਗਏ ਰੱਬ ਦੇ ਭਾਣੇ,*
*ਸੁੱਤਿਆਂ ਜਾਗ ਜੱਟਾ, ਹੋਣੀ ਖੜੀ ਸਿਰਹਾਣੇ।*

5 *ਪੈਂਦੀਆਂ ਨੇ ਬੋਲੀਆਂ ਤੇ ਵੱਜਦੇ ਨੇ ਢੋਲ,*
*ਗੱਜਦੇ ਪੰਜਾਬੀ ਦੇਖ ਰੂਹਾਂ ਜਾਣ ਡੋਲ,*
*ਸੋਹਣੇ ਉੱਚੇ ਨੇ ਜਵਾਨ, ਕਰੇ ਸਿਫ਼ਤਾਂ ਜਹਾਨ,*
*ਨਾਲੇ ਮਲਿਆਂ 'ਚ ਭੰਗੜੇ ਨੇ ਪਾਉਂਦੇ,*
*ਡੱਬਾਂ ਵਿਚ ਬੰਦ ਬੋਤਲਾਂ*
*ਗੱਭਰੂ ਫਿਰਦੇ ਨੇ ਬੱਕਰੇ ਬੁਲਾਉਂਦੇ...।*

ਢੋਲ ਦੀ ਤਾਨ ਨਾਲ ਬੱਕਰੇ ਬੁਲਾਉਣ, 'ਉਏ ਉਏ'... 'ਬੱਲੇ ਬੱਲੇ'... ਕਰਨਾ ਚੁੱਟਕੀਆਂ ਵਜਾਉਣਾ ਆਦਿ ਦਾ ਰਿਦਮ ਵੀ ਜੋੜ ਲਿਆ (ਸਮਿਲਤ ਕਰ ਲਿਆ) ਜਾਂਦਾ ਹੈ।

ਪੰਜਾਬੀ ਲੋਕ ਜਿੱਥੇ ਵੀ ਗਏ ਹਨ, ਜਿੱਥੇ ਵੀ ਰਹੇ ਹਨ, ਉਨ੍ਹਾਂ ਨੇ ਢੋਲ ਨੂੰ ਨਹੀਂ ਵਿਸਾਰਿਆ। ਪੱਛਮੀ, ਪੂਰਬੀ, ਉੱਤਰੀ ਅਤੇ ਦੱਖਣੀ ਦੇਸ਼ਾਂ, 'ਚ ਕੁਲ ਮਿਲਾ ਕੇ ਸਵਾ ਸੌ ਦੇ ਕਰੀਬ ਦੇਸ਼ ਬਣਦੇ ਹਨ ਜਿੱਥੇ ਪੰਜਾਬੀ ਲੋਕ ਵੱਸ ਰਹੇ ਹਨ. ਇਨ੍ਹਾਂ ਸਭਨੀਂ ਥਾਈਂ ਖੁਸ਼ੀ ਜਾਂ ਮਾਂਗਲਿਕ ਅਵਸਰਾਂ ਤੇ ਢੋਲ ਵੱਜਦੇ ਹਨ, ਨਾਚ ਗਾਣੇ ਹੁੰਦੇ ਹਨ, ਅਤੇ ਖੁਸ਼ੀਆਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ।

ਢੋਲ ਪੰਜਾਬੀ ਪੁਣੇ 'ਚ ਇਤਨਾ ਰਚ-ਮਿਚ ਗਿਆ ਹੈ ਕਿ ਪੰਜਾਬੀਆਂ ਦੁਆਰਾ ਆਪਸੀ ਹੀਲ-ਹੁਜ਼ਤ, ਮਖੌਲ ਠੱਠਾ ਕਰਨ ਕਰਾਉਣ ਜਾਂ ਕਿਸੇ ਖਿੱਤੇ ਜਾਂ ਪਿੰਡ ਜਾਂ ਨਾਮ ਜਾਂ ਥਾਂ ਨੂੰ ਉਸ ਦੇ ਅੰਤਰੀਵੀ ਭਾਵਾਂ ਵਾਲੇ ਗੁਣਾਂ ਤੋਂ ਦੂਜਿਆਂ ਨੂੰ ਵਾਕਫ਼ ਕਰਨਾ ਜਾਂ ਕਸਬਿਆਂ ਨਾਲ ਜੁੜੇ ਬੋਲ ਇਸ ਗੱਲ ਦਾ ਪ੍ਰਮਾਣ ਹਨ। ਉਦਾਹਰਣ ਵਜੋਂ ਇਕ ਇਲਾਕਾਈ ਬੋਲੀ ਹੈ:

*ਲੌਂਗੋਵਾਲ ਢੋਲ ਵੱਜੇ, ਮਲਕਪੁਰ ਟੱਲੀ,*
*ਧੁੱਪ ਸੜੀ ਵਿਚਾਰੀ ਕੀ ਕਰੇ, ਕੋਟਲੀ ਉੱਜੜ ਚੱਲੀ।*

ਨਿੱਕੇ ਨਿਆਣੇ ਖੇਡਦੇ-ਮੱਲਦੇ ਆਪਸੀ ਜਿੱਦ ਬਾਜ਼ੀ ਤੱਕ ਵੀ ਆ ਉੱਤਰਦੇ ਹਨ, ਇਸ ਤਰ੍ਹਾਂ ਕਰਦੇ ਸਮੇਂ ਉਨ੍ਹਾਂ ਵਿਚ ਜਦੋਂ ਵੰਗਾਰ ਦੀ ਭਾਵਨਾ ਪ੍ਰਬਲ ਹੋ ਜਾਂਦੀ ਹੈ ਤਾਂ ਉਸ ਵੰਗਾਰ ਵਿਚ ਵੀ ਢੋਲ ਆ ਸ਼ਾਮਲ ਹੁੰਦਾ ਹੈ, ਜਿਵੇਂ ਇਕ ਬੱਚਾ ਦੂਸਰੇ ਨਾਲ ਜਿੱਦਦਾ ਹੋਇਆ, ਜਾਂ ਉਸ ਨੂੰ ਵੰਗਾਰਦਾ ਹੋਇਆ ਸਹਿਜ ਰੂਪ 'ਚ ਕਹਿ ਉੱਠਦਾ ਹੈ,

*ਲਾ ਲੈ ਜ਼ੋਰ, ਵਜਾ ਲੈ ਢੋਲ,*
*ਲੈ ਆ ਥਾਣਾ ਜਾ ਕੋਲ।*

ਨਿਰਸੰਦੇਹ, ਢੋਲ ਪੰਜਾਬੀਅਤ ਦੀ ਆਨ ਹੈ, ਸ਼ਾਨ ਹੈ। ਢੋਲ ਪੰਜਾਬੀਆਂ ਦੀ ਇੱਜ਼ਤ, ਆਬਰੂ, ਬੀਰਤਾ, ਨਿਡਰਤਾ, ਸਾਹਸ, ਕੁਰਬਾਨੀ, ਪਿਆਰ, ਤਿਆਗ ਅਤੇ ਮੌਜ ਮਸਤੀ ਦਾ ਨਾਮ ਹੈ। ਰੱਬ ਕਰੇ ਖੁਸ਼ੀਆਂ 'ਚ ਢੋਲ ਵੱਜਦੇ ਰਹਿਣ, ਸੁੱਚੇ ਸੱਚੇ ਪ੍ਰਬੀਨ ਢੋਲੀਆਂ ਦੀਆਂ ਪੀੜ੍ਹੀਆਂ ਅੱਗੇ ਵਧਦੀਆਂ ਰਹਿਣ। ਪੱਛਮੀ ਤਰਜ ਅਤੇ ਸਿਨਫ ਦੇ ਸਾਜ਼ ਇਸ ਪੂਜਣਯੋਗ ਸਾਜ਼ ਦੇ ਸਾਹਵੇਂ ਟਿਕ ਨਾ ਸਕਣ। ਪੰਜਾਬ ਲੋਕ ਜਿੱਤਦੇ, ਖੁਸ਼ੀਆਂ ਮਨਾਉਂਦੇ, ਨੱਚਦੇ, ਟੱਪਦੇ, ਖੇਡਦੇ ਗਾਉਂਦੇ ਹੋਏ ਕਿਰਤ 'ਚ ਜੁੜੇ ਰਹਿਣ ਅਤੇ ਢੋਲ ਜਿਹੇ ਅਮਰ ਲੋਕ-ਸਾਜ਼ ਤੇ ਸਦਾ ਮਾਣ ਮਹਿਸੂਸ ਕਰਦੇ ਰਹਿਣ।

*(ਧੰਨਵਾਦ ਸਹਿਤ 'ਪੁਸਤਕ ਪੰਜਾਬੀ ਲੋਕ-ਮਨੋਰੰਜਨ: ਸਰੋਤ ਅਤੇ ਪਰੰਪਰਾ')*


## ਗੁਰਮੁਖ ਢੂੰਢ ਢੂੰਢੇਦਿਆਂ ( Free Matrimonial Service )

**ਲੜਕੀ ਦੀ ਲੋੜ:** ਗੁਰਸਿੱਖ ਖਤਰੀ ਅੰਮ੍ਰਿਤਧਾਰੀ ਲੜਕਾ (26 ਸਾਲ 5'-5") ਸੁੰਦਰ ਪੜ੍ਹਿਆ ਲਿਖਿਆ ਬਾਰਵੀਂ ਤੋਂ ਬਾਅਦ ਇਲੈਕਟ੍ਰੋਨਿਕ ਇੰਜਨੀਅਰਿੰਗ ਡਿਪਲੋਮਾ ਅਤੇ ਟ੍ਰਾਂਸਪੋਰਟ ਮੈਨੇਜਮੈਂਟ ਦਾ ਡਿਪਲੋਮਾ ਪਾਸ ਕੀਤਾ। ਆਪਣਾ ਨਿੱਜੀ ਖਾਨਦਾਨੀ ਕੱਪੜੇ ਦਾ ਚੰਗਾ ਮਸ਼ਹੂਰ ਕਾਰੋਬਾਰ ਆਮਦਨ ਪੰਜ ਅੰਗਾਂ ਵਿਚ ਹੈ, ਸੁੰਦਰ, ਪੜ੍ਹੀ ਲਿਖੀ ਘਰੇਲੂ ਲੜਕੀ ਚਾਹੀਦੀ ਹੈ। **ਸੰਪਰਕ ਕਰੋ:** 0171-2446357

**ਲੜਕੇ ਦੀ ਲੋੜ:** ਗੁਰਸਿੱਖ ਖਤਰੀ ਖਾਨਦਾਨੀ, ਸੋਹਣੀ, ਸੁਸ਼ੀਲ, ਪਤਲੀ (23 ਸਾਲ 5'-2/5") ਕਾਨਵੈਂਟ ਦੀ ਪੜ੍ਹੀ 5 ਸਾਲ ਰੇਗੂਲਰ ਯੂਨੀਵਰਸਿਟੀ ਤੋਂ ਐਲ ਐਲ ਬੀ ਤੇ ਐਲ ਐਲ ਐਮ(ਪਹਿਲਾ ਸਾਲ) ਲਈ ਗੁਰਸਿੱਖ ਡਿਫੈਂਸ ਜਾਂ ਚੰਗੀ ਪੋਸਟ ਤੇ ਲੱਗੇ ਲੜਕੇ ਦੀ ਲੋੜ ਹੈ। **ਸੰਪਰਕ ਕਰੋ:** 0171-2446357

**ਲੜਕੀ ਦੀ ਲੋੜ:** ਗੁਰਸਿੱਖ (35 ਸਾਲ 5'-5") ਤਲਾਕਸ਼ੁਦਾ, ਐਮ ਕੌਮ, ਐਮ ਏ, ਐਮ ਬੀ ਐਡ, ਐਲ ਐਲ ਬੀ, ਸਟੇਟ ਟ੍ਰਾਂਸਪੋਰਟ ਵਿਚ ਕੰਡਕਟਰ, ਪਾਰਟ ਟਾਈਮ ਬਿਜ਼ਨਸ ਵਾਸਤੇ ਗੁਰਸਿੱਖ ਲੜਕੀ ਦੀ ਲੋੜ ਹੈ। **ਸੰਪਰਕ ਕਰੋ:** ਹਰਜੀਤ ਸਿੰਘ ਬੱਗਾ, ਡਾਕਖਾਨਾ ਲੋਹਣੀ (ਟਾਕਲੀ), ਜ਼ਿਲ੍ਹਾ ਅਮਰਾਵਤੀ (ਮਹਾਰਾਸ਼ਟਰ) 444 724।

# ਗੁਰਮਤਿ ਕੀਰਤਨ


## ਭਾਈ ਅਸ਼ੋਕ ਸਿੰਘ ਬਾਗੜੀਆ

1557, ਸੈਕਟਰ 36-ਡੀ, ਚੰਡੀਗੜ੍ਹ


*ਕੀਰਤਨ ਨਿਰਮੋਲਕ ਹੀਰਾ, ਆਦਿ ਗੁਣੀ ਗਹੀਰਾ॥* (ਪੰਨਾ 893)

*ਹਰਿ ਕੀਰਤਨ ਸੁਣੈ ਹਰਿ ਕੀਰਤਨ ਗਾਵੈ॥ ਤਿਸੁ ਜਨ ਦੂਖੁ ਨਿਕਟਿ ਨਹੀਂ ਆਵੈ॥* (ਪੰਨਾ 190)

*ਹਰਿ ਕੀਰਤਨ ਮਹਿ ਊਤਮ ਧੁਨਾ॥* (ਪੰਨਾ 1182)

ਉਪਰੋਕਤ ਸ਼ਬਦਾਂ ਦੁਆਰਾ ਗੁਰੂ ਸਾਹਿਬਾਨ ਨੇ ਕੀਰਤਨ ਦੀ ਮਨੁੱਖੀ ਜੀਵਨ ਵਿਚ ਮਹਾਨਤਾ ਪ੍ਰਗਟਾਈ ਹੈ। ਅਸਲ ਵਿਚ ਕੀਰਤਨ ਹੀ ਸਾਨੂੰ ਅਧਿਆਤਮਕਤਾ ਅਤੇ ਵਾਹਿਗੁਰੂ ਦੀ ਹੋਂਦ ਦਾ ਆਭਾਸ ਦਿੰਦਾ ਹੈ। ਜੇਕਰ ਕੀਰਤਨ ਗੁਰਮਤਿ ਸੰਗੀਤ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਅਨੁਸਾਰ ਹੈ- ਤਦ ਹੀ ਅਧਿਆਤਮ ਮੰਡਲ ਵਿਚ ਸੁਰਤ ਜਾਂਦੀ ਹੈ। ਇਸ ਨੂੰ ਬਾਜ਼ਾਰੀ ਧੁਨੀਆਂ ਰੀਤੀਆਂ ਵਿਚ ਗਾਇਨ ਕਰਨਾ 'ਸ਼ਬਦ' ਦਾ ਅਪਮਾਨ ਹੈ। ਸਿੱਖ ਧਰਮ ਵਿਚ ਕੀਰਤਨ ਹੀ ਵਾਹਦ ਇਕੋ ਇਕ ਅਬਾਦਤ ਦਾ ਜ਼ਰੀਆ ਹੈ। ਇਹੀ ਬ੍ਰਹਮ ਗਿਆਨ ਹੈ। ਪਰ ਕੀਰਤਨ ਦਾ ਜੋ ਸੰਗੀਤ ਅੰਗ ਹੈ ਉਹ ਉਸ ਉਚ ਪੱਧਰ ਦਾ ਹੋਣਾ ਚਾਹੀਦਾ ਹੈ ਜੋ ਗੁਰਬਾਣੀ ਨੂੰ ਸਰੋਤਿਆ, ਸ਼ਰਧਾਲੂਆਂ ਤੱਕ ਲੈ ਜਾਣ ਦੇ ਕਾਬਲ ਹੋਏ।

ਕੀਰਤਨ ਦੇ ਦੋ ਜੁਜ਼ ਹਨ। ਸੰਗੀਤ ਔਰ ਸ਼ਬਦ ਇਹ ਦੋਨੋ ਮਿਲਕੇ ਹੀ ਮਨ ਨੂੰ ਬੇਧਕੇ ਗੁਰ ਰਚਨਾ ਨਾਲ ਜੋੜਨ ਕੇ ਸਾਧਨ ਬਣਦੇ ਹਨ। ਉਹ ਸੁਰ, ਲੈ ਜਾਂ ਤਾਲ ਜੋ ਮਨ ਨੂੰ ਚੰਚਲ ਬਣਾਇ ਕਾਮ ਵਾਸ਼ਨਾਵਾ ਵੱਲ ਲੈ ਜਾਏ ਜਾਂ ਬਿਰਤੀ ਜੁੜਨ ਦੀ ਬਜਾਇ ਭਟਕਾ ਦੇਵੇ, ਉਹ ਕੀਰਤਨ ਲਈ ਮਨਾ ਹੈ, ਵਰਜਤ ਹੈ। ਰਾਗ ਵਿਦਿਆ, ਸੰਗੀਤ ਦੀ ਕੀ ਮਹੱਤਤਾ ਹੈ ਇਹ ਇਸ ਗੱਲ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਸਾਰੀਆਂ ਬਾਣੀ ਰਾਗਾਂ ਵਿਚ ਹੀ ਉਚਾਰਨ ਕੀਤੀਆਂ ਗਈਆਂ ਹਨ। ਕੀਰਤਨ ਕਰਨ ਵਾਲੇ ਰਾਗੀ ਸਿੰਘਾਂ ਦੇ ਮਲ ਦੀ ਅਵਸਥਾ ਵੀ ਗੁਰੂ ਚਰਨਾ ਵਿਚ ਲੀਨ ਹੋਣੀ ਲਾਜ਼ਮੀ ਹੈ।

*ਮੋਹਨ ਸਰਵਨੀ ਨਹਿ ਸੁਨਿਆਹਿ, ਸਾਕਤ ਗੀਤ ਨਾਦ ਧੁਨ ਗਾਵਤ, ਬੋਲਤ ਬੋਲ ਆਜਾਇ।*

ਇਸ ਉਚ ਮਿਆਰ ਦਾ ਕੀਰਤਨ ਸ੍ਰੀ ਹਰਿਮੰਦਰ ਸਾਹਿਬ ਤੋਂ ਹਰ ਵਕਤ ਹੋਣਾ ਲਾਜ਼ਮੀ ਹੈ। ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਕੱਲ੍ਹ ਸਫਾਰਸ਼ੀ ਜੋ ਇਹ ਸੇਵਾ ਨਿਭਾ ਰਹੇ ਹਨ। ਇਸ ਮਿਆਰ ਦੇ ਨਹੀਂ। ਰਾਗਾਂ ਵਿਚ ਸ਼ਬਦ ਸੁਨਣ ਨੂੰ ਮਨ ਲੋਚਦਾ ਰਹਿੰਦਾ ਹੈ। ਕਦੇ ਕਤਾਈ ਹੀ ਐਸੀ ਧੁਨ ਗੀਤ ਕੰਨੀ ਪੈਂਦੀ ਹੈ। ਜਿਸ ਨੂੰ ਸੁਣ ਕੇ ਮਨ ਧੀਰਜ਼ ਬੰਨ੍ਹਦਾ ਹੈ ਔਰ ਗੁਰ ਚਰਨਾਂ ਵਿਚ ਲੀਨ ਹੁੰਦਾ ਹੈ। ਇਸ ਲਈ ਬਹੁਤ ਜ਼ਰੂਰੀ ਹੋ ਗਿਆ ਹੈ ਕਿ ਕੁਝ ਰਾਗੀ ਜੋ ਪੁਰਾਤਨ ਰੀਤ ਮਰਿਆਦਾ ਵਿਚ ਕੀਰਤਨ ਕਰਦੇ ਹਨ ਜਲਦੀ ਹੀ ਸਾਡੇ ਵਿਚ ਨਹੀਂ ਰਹਿਣੇ। ਸੋ ਜਲਦੀ ਤੋਂ ਜਲਦੀ ਕੋਈ ਐਸਾ ਕਦਮ ਚੁਕਣੇ ਚਾਹੀਦੇਂ ਹਨ। ਜਿਸ ਨਾਲ ਇਹਨਾਂ ਟਕਸਾਲੀ ਰਾਗੀ ਪਾਸੋਂ ਇਹਨਾਂ ਦਾ ਗਿਆਨ ਨਵੀਂ ਪੀੜ੍ਹੀ ਨੂੰ ਦਿਵਾਇਆ ਜਾਇ। ਸਿਰਫ ਲਿਖਤੀ ਗਿਆਨ ਕਾਫੀ ਨਹੀਂ। ਕਿਉਂਕਿ ਆਮ ਕਰਕੇ ਜੋ ਅਸੀਂ ਸ਼ਬਦ 'ਨਿਰਧਾਰਤ ਰਾਗ' ਵਿਚ ਗਾਇ ਸ਼ਬਦ ਦੇ ਅਧੀਨ ਸੁਣਦੇ ਹਾਂ ਉਹ ਸ਼ਬਦ ਗਾਇਨ ਹੈ ਕੀਰਤਨ ਨਹੀਂ। ਜਿਸ ਵਿਚ ਆਮ ਤੌਰ ਤੇ ਰਾਗ ਹਾਵੀ ਹੋ ਜਾਂਦਾ ਹੈ ਅਤੇ ਕਈ ਵਾਰ ਸ਼ਬਦ ਸਮਝ ਹੀ ਨਹੀਂ ਪੈਂਦਾ। ਰਾਗ ਸੰਗੀਤ ਦਾ ਅਸਰ, ਖਿਚ ਮਨ ਤੇ ਹੈ ਅਤੇ ਸ਼ਬਦ ਦਾ ਦਿਮਾਗ ਔਰ ਆਤਮਾ ਤੇ ਪ੍ਰਭਾਵ ਪੈਂਦਾ ਹੈ। ਇਸ ਲਈ ਪਹਿਲਾਂ ਮਨ ਨੂੰ ਇਕਾਗਰ ਕਰਨ ਅਤੇ ਗੁਰਚਰਨਾ ਨਾਲ ਜੋੜਨ ਲਈ ਅੱਛਾ ਸੰਗੀਤ ਲਾਜ਼ਮੀ ਹੈ। ਬੰਸਰੀ ਦੀ ਧੁੰਨ ਤੇ ਜਾਨਵਰ ਖਿੱਚੇ ਜਾਂਦੇ ਅਤੇ ਬੀਨ ਦੇ ਸੁਰਾਂ ਤੇ ਸਰਪ ਮਹਿਲਦੇ ਆਪਾਂ ਸੁਣਦੇ ਦੇਖਦੇ ਹਾਂ। ਇਸ ਤਰ੍ਹਾਂ ਲੀਨ ਹੋਏ ਮਨ ਤੇ ਜੋ ਗੁਰ ਸ਼ਬਦ ਦਾ ਅਸਰ ਪ੍ਰਭਾਵ ਗਿਆਨ ਹੋਵੇਗਾ ਉਹ ਦੇਰ ਪਾ ਔਰ ਗਹਿਰਾ ਪੱਕਾ ਹੋਵੇਗਾ। ਅੱਜ ਦੁਨੀਆਂ ਬਹੁਤ ਛੋਟੀ ਹੋ ਗਈ ਹੈ ਇਸ ਲਈ ਸਾਨੂੰ ਪ੍ਰਚਾਰਕ ਵੀ ਐਸੇ ਪੱਧਰ ਦੇ ਤਿਆਰ ਕਰਨੇ ਲੋੜੀਂਦੇ ਹਨ ਜੋ ਦੂਸਰੇ ਧਰਮਾਂ ਦੀ ਵੀ ਵਾਕਫੀਅਤ ਰੱਖਣ ਅਤੇ ਸਮਾਜ ਵਿਚ ਪਾਦਰੀਆਂ ਵਾਂਗ ਵਿਚਰਨ ਦੇ ਯੋਗ ਹੋਣ ਅਤੇ ਸਵਾਲ ਜਵਾਬ ਕਰਨ ਦੇ ਸਮਰੱਥ ਭੀ ਹੋਣ। ਪੰਜਾਬ ਤੋਂ ਬਾਹਰ ਬੱਚਿਆ ਦੀ ਜੋ ਪਨੀਰੀ ਗਿਆਨ ਦੀ ਤਰੱਕੀ ਕਾਰਨ ਕਿਉਂ ਤੇ ਕਿਵੇਂ ਦਾ ਸਵਾਲ ਪੈਦਾ ਕਰਦੀ ਹੈ। ਉਸਦਾ ਜਵਾਬ ਅਤੇ ਉਨ੍ਹਾਂ ਦੀ ਇਸ ਆਤਮਿਕ ਭੁੱਖ ਵੀ ਪੂਰੀ ਕਰਨੀ ਇਸ ਵਕਤ ਦੀ ਸਭ ਤੋਂ ਵੱਡੀ ਜ਼ਰੂਰਤ ਹੈ ਨਹੀਂ ਤਾਂ ਉਨ੍ਹਾਂ ਦੀ ਭਟਕਣਾ ਜਾ ਕੁਰਾਹੇ ਪੈਂਦ ਦੇ ਅਸੀਂ ਆਪ ਸਭ ਜਿੰਮੇਵਾਰ ਹੋਵਾਂਗੇ।

# ਗੁਰਮਤਿ ਸੰਗੀਤ ਅਕੈਡਮੀ ਦਾ ਸਲਾਨਾ ਸਥਾਪਨਾ ਦਿਵਸ ਸਮਾਰੋਹ


## ਪ੍ਰੋ. ਕਰਤਾਰ ਸਿੰਘ

ਡਾਇਰੈਕਟਰ, ਗੁਰਮਤਿ ਸੰਗੀਤ ਅਕੈਡਮੀ, ਅਨੰਦਪੁਰ ਸਾਹਿਬ


ਪਿਛਲੇ ਦਿਨੀਂ ਮਿਤੀ 9/1/2002 ਦਿਨ ਬੁੱਧਵਾਰ ਨੂੰ ਗੁਰਮਤਿ ਸੰਗੀਤ ਅਕੈਡਮੀ (ਪ੍ਰਬੰਧ ਅਧੀਨ ਸ੍ਰੋਮਣੀ ਗੁ. ਪ੍ਰ. ਕ.) ਵਲੋਂ ਆਪਣਾ ਦੂਜਾ ਸਲਾਨਾ ਸਥਾਪਨਾ ਦਿਵਸ ਮਨਾਇਆ ਗਿਆ।

ਮਿਤੀ 7/1/2002 ਨੂੰ ਆਖੰਡ ਪਾਠ ਆਰੰਭ ਕੀਤਾ ਗਿਆ। ਆਖੰਡ ਪਾਠ ਕਰਨ ਦੀ ਸੇਵਾ ਅਕੈਡਮੀ ਦੇ ਵਿਦਿਆਰਥੀਆਂ ਨੇ ਹੀ ਕੀਤੀ।

ਮਿਤੀ 9/1/2002 ਸਵੇਰੇ 10 ਵਜੇ ਆਖੰਡ ਪਾਠ ਦਾ ਭੋਗ ਪਾਇਆ ਗਿਆ। ਭੋਗ ਉਪਰੰਤ ਅਕੈਡਮੀ ਦੇ ਵਿਦਿਆਰਥੀਆਂ ਨੇ ਦੋ ਸ਼ਬਦਾਂ 'ਰਾਗ ਬਿਲਾਵਲ' ਵਿਚ ਸ਼ਬਦ "ਤੇਰੇ ਗੁਣ ਗਾਵਾਂ ਦੇਹਿ ਬੁਝਾਈ" 'ਤੇ ਰਾਗ ਰਾਮਕਲੀ ਵਿਚ "ਰੇ ਮਨਿ ਐਸੋ ਦਰਿ ਸਨਿਆਸਾ" ਦਾ ਗਾਇਨ ਤਾਂਤੀ ਸਾਜਾਂ ਨਾਲ ਕੀਤਾ। ਉਸ ਤੋਂ ਬਾਅਦ ਅਕੈਡਮੀ ਦੇ ਡਾਇਰੈਕਟਰ ਪ੍ਰੋ. ਕਰਤਾਰ ਸਿੰਘ ਜੀ ਨੇ 'ਰਾਗ ਦੇਵ ਗੰਧਾਰੀ ਧਮਾਰ' ਤਾਲ ਵਿਚ ਸ਼ਬਦ "ਮੇਰੇ ਮਨਿ ਮੁਖ ਹਰਿ ਹਰਿ ਹਰਿ ਬੋਲੀਐ" ਅਤੇ "ਅਬ ਹਮ ਚਲੀ ਠਾਕੁਰ ਪਹਿ ਹਾਰ" ਅਤੇ "ਸ਼ਾਹਿ ਸ਼ਾਹਿਨਸ਼ਾਹ ਗੁਰ ਗੋਬਿੰਦ ਸਿੰਘ" ਤਿੰਨ ਸ਼ਬਦਾਂ ਦਾ ਕੀਰਤਨ ਕੀਤਾ। ਪ੍ਰੋ. ਪਿਆਰਾ ਸਿੰਘ ਪਦਮ ਹੁਰਾਂ ਨੇ ਦਿਲਰੁਬਾ ਨਾਲ ਸੰਗਤ ਕੀਤੀ। ਭੋਗ ਦੀ ਅਰਦਾਸ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਤਰਲੋਚਨ ਸਿੰਘ ਜੀ ਨੇ ਕੀਤੀ। ਹੁਕਮਨਾਮੇਂ ਤੋਂ ਬਾਅਦ ਡਾਇਰੈਕਟਰ ਸਾਹਿਬ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਵਾਰਸ਼ਿਕ ਰਿਪੋਰਟ ਪੜ੍ਹ ਕੇ ਸੁਣਾਈ ਜਿਸ ਵਿਚ ਅਕੈਡਮੀ ਦੇ ਟੀਚੇ ਅਤੇ ਉਦੇਸ਼ਾਂ ਬਾਰੇ ਸੰਗਤਾਂ ਨੂੰ ਵੇਰਵੇ ਸਹਿਤ ਜਾਣਕਾਰੀ ਦਿੱਤੀ ਗਈ। ਦੱਸਿਆ ਗਿਆ ਕਿ ਅਕੈਡਮੀ ਦੇ ਵਿਦਿਆਰਥੀ ਤਕਰੀਬਨ 30 ਰਾਗਾਂ ਵਿਚ ਸ਼ਬਦਾਂ ਦਾ ਗਾਇਨ ਕਰ ਸਕਦੇ ਹਨ ਅਤੇ ਇਹਨਾਂ ਨੂੰ ਇਨ੍ਹਾਂ ਦੇ ਤਿੰਨ ਸਾਲਾ ਕੋਰਸ ਪੂਰੇ ਹੋਣ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਮੁੱਖ ਰਾਗ ਅਤੇ ਭਾਰਤੀ ਸੰਗੀਤ ਦੇ 25-30 ਰਾਗਾਂ ਅਤੇ ਇਹਨਾਂ ਰਾਗਾਂ ਵਿਚ ਕੀਰਤਨ ਕਰਨ ਦੀ ਸਿੱਖਿਆ ਦਿੱਤੀ ਜਾਵੇਗੀ ਅਤੇ ਬੱਚੇ ਇਹਨਾਂ ਰਾਗਾਂ ਵਿਚ ਕੀਰਤਨ ਕਰਨ ਦੇ ਯੋਗ ਹੋ ਸਕਣਗੇ।

ਇਸ ਸਮਾਗਮ ਵਿਚ ਸੰਤ ਬਾਬਾ ਲਾਭ ਸਿੰਘ ਜੀ, ਕਿਲਾ ਅਨੰਦਗੜ੍ਹ ਸਾਹਿਬ ਵਾਲੇ ਅਤੇ ਬਾਬਾ ਦਯਾ ਸਿੰਘ ਜੀ ਬਾਬਾ ਬਿਧੀ ਚੰਦ ਨਿਹੰਗ ਸੰਪਰਦਾ ਦੇ ਮੁਖੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਬਾਬਾ ਜੀ ਹੁਰਾਂ ਤੋਂ ਵਿਦਿਆਰਥੀਆਂ ਨੂੰ ਪ੍ਰਾਚੀਨ ਕਲਾ ਕੇਂਦਰ ਚੰਡੀਗੜ੍ਹ ਦੇ ਦੂਜੇ ਸਾਲ ਦੇ ਸਰਟੀਫਿਕੇਟ ਵੀ ਪ੍ਰਦਾਨ ਕਰਵਾਏ ਗਏ। ਇਸ ਸਮਾਗਮ ਵਿਚ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਸੁਰਿੰਦਰ ਸਿੰਘ, ਸਿੱਖ ਨਾਰੀ ਮੰਚ ਵਾਲੀਆਂ ਬੀਬੀਆਂ, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ, ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਪੰਜ ਪਿਆਰੇ ਸਾਹਿਬਾਨ ਰਾਗੀ ਸਿੰਘ ਅਤੇ ਸ਼ਹਿਰ ਦੀਆਂ ਸੰਗਤਾਂ ਹਾਜ਼ਰ ਸਨ।

ਇਸ ਮੌਕੇ ਵਿਦਿਆਰਥੀਆਂ ਵਲੋਂ ਆਪ ਤਿਆਰ ਕੀਤਾ ਗਿਆ ਲੰਗਰ ਸੰਗਤਾਂ ਨੂੰ ਛਕਾਇਆ ਗਿਆ ਅਤੇ ਸਮਾਗਮ ਦੀ ਸਮਾਪਤੀ ਹੋਈ।


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

**ਸਿੱਖ ਲੀਗ** ਪੰਦਰਵਾੜਾ

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ : 5707096

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5853955

## Guru Arjan Dev
# THE PERFECT SON AND THE PERFECT GURU

Bhagwant Singh Dalawari

Tapovan, Amravati 444 602 (Maharashtra)

It is pity that the multifaceted personality of Guru Arjan, even if eulogised, is not understood by his followers.

In my humble view, Guru Arjan laid the foundation stone not only of a sound humanitarian base for continuation of the earlier Gurus' work but also, in self-annihilation, strengthend the roots of the Word in perpetuity.

It is Guru Arjan's vision which brings out a *pothi* for propagating universal truth, the exclusivity and transparent catholicity of which is that the Guru does not divide Truth into Hindu, Muslim, Sikh or Christian Truth. He collects the sayings of the saints of various sects of Hindu religion and also Islam and puts them in one Granth.

The respect and devotion that he pays to the sacred Word is evident when he decides to leave his own bed to sleep on the floor while the *pothi* is installed on his bed. This is just one of the boons that Guru Arjan left us, and this boon, in time of Guru Gobind Singh, becomes our perpetual Guru in the form of Guru Granth Sahib. But let me turn to other facets of the Guru's multidimensional life.

It is said that Guru Gobind Singh in paying tributes to earlier Gurus had stated that there was no Guru like Guru Nanak , no disciple like Guru Angad, no sewadar like Guru Amardas, no relation like Guru Ram Das, and no son like Guru Arjan.

Indeed the strict obedience to Guru Ram Das in perfect devotion as his disciple and also as his son is remarkable. When both the other sons refuse to obey the Guru to go to Lahore, Arjan readily agrees not only to obey but also accepts the condition that he should not come back until summoned.

Apart from the Guru's own verses exhibiting the torture of separation through letters to his father, Guru Arjan's action is in accordance with the strict discipline of a Guru-Sikh relationship. For example in Anand Sahib, Guru Amar Das lays down:

***Awo Sant piario akath ki karo kahani***
***Karen kahani akath keri kit dware payie***
***Tan man dhan sub saup gurko hukum maniye payie.***

Arjan is not at all enamoured by the reward of his devotion; he rejoices just in one thing i.e. obedience.

In the words of Kabir, he would be saying "*Charan kamal ki mouj mein rahun*

*aant aur aad*". Indeed this devotion entitled him to the gaddi of Guru Ram Das, but this did not make him different from Sikhs. Even as Guru, he served the sangat from Peshwar in Pipli Sahib as a humble sevadar pressing the tired legs of old people, carrying the luggage of those who could not carry themselves and even offering to look after the shoes of the sangat when it called on the Guru.

A moment of pride even for me, as a Sikh today, that my Guru in disguise as a Sikh, served his own followers. Alas today, even a Sikh would not serve his own brother if his status-in- life is low.

Guru Arjan, it seems, laid down, in a systematic way what a Sikh should be like and showed himself up as an example of what he had stated in theory.

Sukhmani Sahib fascinated so many non-Sikhs but transports Sadhu Vaswani to an ecstatic state of high order. Says he - "Such love is sung in hymn after hymn of the Sukhmani. Years have passed away since my heart was knit to this great book. As a lisping child I listened to its verse. As a boy, without understanding much, I was strangely moved by its melody. In the growing years of my manhood, I felt again and again that the Bhagvadgita and the Sukhmani are two of the books which India's young men should study.They may well be read as textbooks in higher nationalism. Indeed, some years ago when I was asked to recommend a textbook in religion for students in Sind, I referred to the Sukhmani as one of the great books for India's young men." (From: *In the Sikh Sanctuary, 1922*)

As if the Guru was writing a charter for own life-example, particularly *Tera bhana meethā laage*. He remained in this state through imprisonment, torture and death. Here was a personification of all that was noble. It has often been said that Truth is always tortured, while falsehood is put on the throne, but Truth rejoices in torture, falsehood screams on the throne.

The irony of Jehangir's foolishness is magnified when one knows that the universality of Guru Arjan was not confined only to including the sayings of Hindus and Muslim Saints in the Granth but also included the foundation stone of the Hari Mandir (the Golden Temple) being laid by a Muslim fakir, Hazrat Mian Mir. To a ruler - that too, a bigot dependent upon the dubious help of fanatics - for whom power is the only understandable truth would not have any appeal, but in this case even the Truth of islam in Mian Mir could not succeed in letting this ruler understand that Guru Arjan was doing what Prophet Mohammed would have been proud of.

When I was nearly twenty years old, I wrote for the *Spokesman*, an article on the basis of one verse of Sukhmani Sahib, which still reminds me of the need to have internal and external purity to be able to claim discipleship of Guru Arjan. The verse was in my mind ever since I was a child but came into bold relief in

my mind when an Under Secretary Sardarji told me that no one could find a single lapse in his life in the last twenty years. As a young man of 20, I was flabbergasted. The whole of Guru Granth Sahib - much of which I did not know then - showed our Gurus and Saints talking of themselves in utter humility and I later learnt about specific hymns like "*Mere Ram eh neech karam har mere*", "*Khation jame khate kar, nit khatian vich payen*", "*Sab augan mein gun nahin koi*", but at that time I knew from Sukhmani Sahib:

***Aapas kau jo jaane neecha Sou ganie sab te ucha.***

When I told Sardar Sahib that as a young man I could not understand his insistence, he did not pay attention. What I had written then on the subject culminated in the following:

"*Let us not only praise Guru Gobind Singh. Let us bring him into our lives. Guru Gobind Singh was of course great but we do not become great merely by talking of him. Unless we show the qualities of our Guru in our own life, we have no right to be called great.*"

That is why Guru Nanak reminds us:

***Bhau bhagat kar neech sadae,***
***Tau Nanak mokhantar paye.***

In paying this tribute to Guru Arjan, I would like to recall, in a moment of childlike innocence, a letter that I wrote in a personal manner around 35 years ago to Guru Arjan which began as - "My dear Guru Arjan."

I had said - and I say now too - I was fascinated by the life of Guru Arjan, I was deeply touched by his simplicity, by his humility, by his universality, by his various acts of general welfare, his love of the Sikhs and his innumerable qualities. But when he said in his hymns that without God's Name, without God's Grace, without the presence of the Lord, he could not do anything, I could not understand. But this I do not say now. For I have, through Guru Arjan's grace, since understood what he meant by God's Name, God's grace and God's presence. More than that, I have learnt to have faith in absolute terms in the experiences and sayings of our Masters. In any case, there is no divergence.

Firstly, our Gurus have emphasised that there is no difference between the Guru and the Almighty but, at the same time, our Gurus never wanted to project themselves as God.

Secondly, all our Gurus practised what they preached. They showed us the way to know and believe and behave as if we were not the doers and no credit to this effect should be usurped. We are mere puppets in the hands of God and are instruments dependent upon His dictates.

Thirdly, we were to obey and act in accordance with the instructions of our Gurus but never claim that we had become something.

Fourthly, the only way to avoid vanity was to surrender everything to the Lord.

Fifthly, only the presence of the Lord in the form of 24-hour recitation of the Lord's Name could keep us protected from the five mighty thieves already in readiness to pounce upon our smallest weakness.

Sixthly, the Guru wanted us to live as dead persons in life (mar-jeeva) and to involve us in the love of Guru and God to such an extent that we knew that even death cannot Kill us.

Seventhly, what was intended was not the external gathering of Knowledge or external show of strength but internal change of attitudes, since the Lord's kingdom is within.

Eighthly, Guru Arjan emphasised: *Na ko mera dushman reha na hum kiseke bairai....Sabko meet hum aapan keena ham sabna ke sajan*....This universal brotherhood had to have one Lord of all to guide us and the Guru took no credit for what they did.

Ninthly, the Guru distinctly felt that even for his sacrifice in martyrdom he must not be complemented for he was just obeying the commands of the Lord.

And tenthly, as Guru said in the following hymn, all of us remained beholden to the Almighty for whatever we could achieve with His grace:

***Tera keeta jaato nahin mainu jog keetohee***
***Mein nirgunhare ko gun nahin aape taras pioyee***
***Taras pya mehramat hoi satgur sajan milia***
***Nanak naam mile tan jeevan***
***Tan man theeve haria.***

We have forgotten Guru Arjan's commands as symbolised in this hymn. We do not recognise the blessings of the Lord who has made us what we are. We don't recognise that in his mercy, even sinners like us are saved. And only His mercy makes us bloom if our Satguru friend receives us. Our condition would then be like the Guru's - we shall live and bloom onlly if we had His Name in our hearts.

Can we now relearn what we have forgotten? "Simar murdia dhadia Satguru bakkshinda" (Sing Lord's praise, Satguru is always forgiving).


**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਮਾਡਲ ਟਾਊਨ ਐਕਸਟੈਨਸ਼ਨ,
ਲੁਧਿਆਣਾ - 141 002

# W.S.VACHHANI : A BIOGRAPHICAL SKETCH


Col. A.S. Rattan

Guru Nanak VBT Polytechnic, Mohali


W.S. Vachhani has devoted nearly five decades to Gurbani Kirtan. At the good age of 80, he is still deeply involved into the Gurbani Kirtan.

Bhai Vachhani was born in August 1921 to Shri Satwant Rai in Larkana (Sind Province in Pakistan). He did his graduation from "The School for the Blind" in Karachi in English. At the early age of 7 years his father encouraged him to take up music. He got his music training from The Blind School from Shri Ganga Ram Joshi. The music training went on for 15 years after which he could sing independently. At the age of 17 years he practiced music for 10 years after which he could teach music to others. Kirtan recitation, independently started in 1952 (at 31 years age) and continues till date when he is 80 years old.

He can recite nearly 200 Shabads, Sukhmani Sahib, Asa-ji-di-war, Japji Sahib and Arti. He can sing in 80 Ragas and 14 Taals. 10 years he has been singing on All India Radio. In 1962, he was awarded by Chief Khalsa Dewan for his services in recitation of Gurbani. He can play nearly all musical instruments like Harmonium, Tabla, Casio, Guitar, Violin and Sitar etc.

He was honored by the PM of Mauritious by inviting him to Mauritious in 1974 where he spent 45 days singing. His name was splashed in all newspapers there. He was presented a Golden Chain by the then PM Mr. Ram Gulam for his performance there at Mauritious.

Bhai Vachhani ji is continuing Gurbani Kirtan from which, he claims, he gets knowledge and peace of mind. He strongly feels that Kirtan should be done in the 'Nirdharat' Raags as per Sri Guru Granth Sahib.

He is a great source of inspiration for upcoming Kirtaniyas. God bless him.


## ਧਿਆਨ ਯੋਗ ਗੱਲਾਂ

★ 'ਅੰਮ੍ਰਿਤ ਕੀਰਤਨ' ਲਈ ਰਚਨਾਵਾਂ ਭੇਜਣ ਸਮੇਂ ਜਾਂ ਚਿੱਠੀ ਪੱਤਰ ਕਰਨ ਸਮੇਂ ਪੂਰੀਆਂ ਡਾਕ ਟਿਕਟਾਂ ਲਗਾ ਕੇ ਭੇਜੀਆਂ ਜਾਣ। ਬੈਰੰਗ ਚਿੱਠੀਆਂ ਪ੍ਰਾਪਤ ਨਹੀਂ ਕੀਤੀਆਂ ਜਾਣਗੀਆਂ। ਜਦੋਂ ਬੁੱਕ ਪੋਸਟ ਚਿੱਠੀਆਂ ਨੂੰ ਸਟੈਪਲਰ ਵਾਲੀ ਪਿੰਨ ਲਗਾ ਦਿੱਤੀ ਜਾਂਦੀ ਹੈ ਤਾਂ ਉਹ ਚਿੱਠੀ ਬੈਰੰਗ ਹੋ ਜਾਂਦੀ ਹੈ। ਕਿਰਪਾ ਕਰਕੇ ਡਾਕਖਾਨੇ ਤੋਂ ਪੁੱਛ ਕੇ ਪੂਰੀ ਟਿਕਟਾਂ ਲਗਾ ਕੇ ਚਿੱਠੀਆਂ ਭੇਜੀਆਂ ਜਾਣ।

★ ਆਪਣਾ ਪਤਾ ਬਦਲਣ ਤੇ 'ਅੰਮ੍ਰਿਤ ਕੀਰਤਨ ਟ੍ਰਸਟ' ਨੂੰ ਜ਼ਰੂਰ ਸੂਚਿਤ ਕਰੋ ਜੀ।

★ ਜੇ ਤੁਹਾਨੂੰ ਮੈਗਜ਼ੀਨ ਮਹੀਨੇ ਦੀ 10 ਤਾਰੀਖ ਤੱਕ ਨਹੀਂ ਮਿਲਦਾ ਤਾਂ ਸਾਨੂੰ ਸੂਚਿਤ ਕਰੋ ਅਸੀਂ ਦੁਬਾਰਾ ਭੇਜ ਦਿਆਂਗੇ।

★ ਜੇ ਤੁਸੀਂ ਅਜੇ ਤਕ 'ਅੰਮ੍ਰਿਤ ਕੀਰਤਨ' ਲਈ ਮਾਇਕ ਸਹਾਇਤਾ ਨਹੀਂ ਭੇਜੀ ਤਾਂ ਤੁਰੰਤ ਭੇਜਣ ਦੀ ਕਿਰਪਾ ਕਰੋ।

# ਸੁਰ ਲਿਪੀਆਂ


## ਪ੍ਰਿੰਸੀਪਲ ਦਿਆਲ ਸਿੰਘ

ਗੁਰਮਤਿ ਵਿਦਿਆਲਾ, ਗੁਰਦੁਆਰਾ ਸ੍ਰੀ ਰਕਾਬ ਗੰਜ, ਨਵੀਂ ਦਿੱਲੀ


### ਰਾਗ ਮਾਝ

**ਵਾਦੀ** : ਰ, **ਸੰਵਾਦੀ** : ਪ, **ਠਾਟ** : ਖਮਾਜ, **ਜਾਤੀ** : ਓਡਵ ਸੰਪੂਰਣ, **ਸਮਾਂ** : ਰਾਤ ਦਾ ਦੂਜਾ ਪਹਿਰ (ਨੌਂ-ਦਸ ਵਜੇ)

ਮ ਮ ਸ<br>
**ਵਿਸ਼ੇਸ਼** : 'ਰ-ਪ ਤੇ ਗੁ-ਸ' ਦੀ ਸੁਰ ਸੰਗਤੀ। **ਮੁਖ ਅੰਗ** : ਰ, ਮਪ, ਪਧ ਮਪ ਗਮ, ਰਪ-ਗੁਰ, ਗੁਸ, ਰਨ, ਸ।

ਮ<br>
**ਆਰੋਹ** : ਸ ਰ, ਮ ਪ, ਨ ਸੰ। **ਅਵਰੋਹ** : ਸੰ ਨੁ ਧ ਪ, ਮਪ ਗਮ, ਰਪ, ਗੁਰ, ਗੁ-ਸ।

ਤਿੰਨਤਾਲ (ਮੱਧਯ ਲਯ)

| ੦ | | | | ੩ | | | | × | | | | ੨ | | | |
|---|---|---|---|---|---|---|---|---|---|---|---|---|---|---|---|
| **ਅਸਥਾਈ** | | | | | | | | | | | | | | | |
| ਸੰ | | | | | | | | ਮ | | | | ਮ | | | |
| ਨ | ਸੰ | ਨੁਧ | ਪਮ | ਮਪ | ਧਪ | ਮਗ | ਮ | ਰ | - | ਪ | ਪ | ਗੁਰ | ਗੁ | ਸ | - |
| ਝਿ | ਮ | ਝਿऽ | ਮऽ | ਵऽ | ਰऽ | ਸੈऽ | ऽ | ਅੰ | ऽ | ਮ੍ਰਿ | ਤ | ਧਾऽ | ऽ | ਰਾ | ऽ |
| ਨ | | ਮ | | | | | | | | | | | | | |
| ਸ | ਸ | ਰ | ਮ | ਪ | - | ਨ | ਨ | ਸੰ | ਸੰ | ਸੰ | ਸੰ | ਪਨ | ਸੰਰੰ | ਸੰਨੁ | ਧਪ |
| ਮ | ਨ | ਪੀ | ऽ | ਵੈ | ऽ | ਸੁ | ਨ | ਸ | ਬ | ਦ | ਬੀ | ਚਾऽ | ऽऽ | ਰਾऽ | ऽऽ |
| ਮ | ਮ | ਮ | ਮ | ਪ | - | ਨ | ਨ | ਸੰ | - | ਸੰ | ਸੰ | ਨ | - | ਸੰ | - |
| ਅ | ਨ | ਦ | ਬਿ | ਨੋ | ऽ | ਦ | ਕ | ਰੇ | ऽ | ਦਿ | ਨ | ਰਾ | ऽ | ਤੀ | ऽ |
| | | | | ਸੰ | | | | | | | | | | | |
| ਸੰ | ਰੰ | - | ਰੰ | ਨ | - | ਸੰ | ਸੰ | ਨੁਧ | ਪ | ਪ | ਮ | ਮਪ | ਧਪ | ਮਗੁ | ਰਸ |
| ਸ | ਦਾ | ऽ | ਸ | ਦਾ | ऽ | ਹ | ਰਿ | ਕੇऽ | ऽ | ਲਾ | ऽ | ਜੀऽ | ऽऽ | ੳੁऽ | ऽऽ |
| **ਅੰਤਰਾ** | | | | | | | | | | | | | | | |
| ਮ | ਮ | ਮ | ਮ | ਪ | ਪ | ਨ | - | ਸੰ | - | ਸੰ | ਸੰ | ਨ | - | ਸੰ | - |
| ਸ | ਭ | ਕਿ | ਛ | ਘ | ਰ | ਮਹਿ | ऽ | ਬਾ | ऽ | ਹ | ਰ | ਨਾ | ऽ | ਹੀ | ऽ |
| | | | | | ਮੰ | | | | | | | ਸੰ | | | |
| ਪ | ਰੰ | ਰੰ | ਰੰ | ਰੰ | ਗੁੰ | ਰੰ | ਸੰ | ਸੰ | ਸੰ | ਸੰ | ਰੰ | ਨ | - | ਸੰ | - |
| ਬਾ | ऽ | ਹ | ਰ | ਟੋ | ऽ | ਲੈ | ਸੋ | ਭ | ਰ | ਮ | ਭੁ | ਲਾ | ऽ | ਹੀ | ऽ |
| ਨ | | | | | | | | ਪ | | ਮ | | | | | |
| ਸੰ | ਸੰ | ਸੰ | ਸੰ | ਨੁ | ਧ | ਪ | ਪ | ਧ | - | ਗ | ਮ | ਰ | ਗ | ਸ | ਸ |
| ਗੁ | ਰ | ਪ | ਰ | ਸਾ | ਦੀ | ਜਿ | ਨੀ | ਅੰ | ऽ | ਤ | ਰ | ਪਾ | ऽ | ਇਆ | ਸੋ |
| ਮ | | | | | | | | | | | | | | | |
| ਰ | - | ਮ | ਮ | ਪ | ਪ | ਪ | ਪ | ਮ | ਪ | ਨ | ਸੰ | ਪਨ | ਸੰਰੰ | ਸੰਨੁ | ਧਪ |
| ਅੰ | ऽ | ਤ | ਰ | ਬਾ | ਹ | ਰ | ਸੁ | ਹੇ | ऽ | ਲਾ | ऽ | ਜੀऽ | ऽऽ | ੳੁऽ | ऽऽ |

-ਸ਼ਬਦ ਦੀਆਂ ਬਾਕੀ ਤੁਕਾਂ ਅੰਤਰੇ ਤੇ ਲਾਓ।

ਕਹਿਰਵਾ (ਮੱਧਯ ਲਯ)

| × | | | | o | | | | × | | | | o | | | |
|---|---|---|---|---|---|---|---|---|---|---|---|---|---|---|---|
| ਅਸਥਾਈ | | | | | | | | | | | | | | | |
| | | | | | | | | | | | | | | ਸ | ਰ |
| | | | | | | | | | | | | | | ਜਿ | ਥੈ |
| | | | | ਮ | | | | ਸ | | | | | | | |
| ਰ | ਪ | ਮ | ਪ | ਗੁ | ਰ | ਸ | ਰ | ਨ | - | ਸ | - | - | - | ਸ | - |
| ਨਾ | ਮ | ਜ | ਪੀ | ਐ | ऽ | ਪ੍ਰ | ਭ | ਪਿਆ | ऽ | ਰੇ | ऽ | ऽ | ऽ | ਸੇ | ऽ |
| ਮ | | | | | | | | | | ਮ | | | | | |
| ਰ | ਰ | ਮ | ਮ | ਪ | ਪ | ਪ | ਪ | ਮਪ | ਧਪ | ਗ | ਮ | ਰ | ਗੁ | ਸ | ਰ |
| ਅ | ऽਸ | ਥ | ਲ | ਸੋ | ਇ | ਨ | ਚਉ | ਥਾऽ | ऽऽ | ਰੇ | ऽ | ऽ | ऽ | ऽ | ऽ |
| - | ਮ | ਮ | - | ਪ | ਪ | ਨ | ਨ | ਸਂ | ਸਂ | ਸਂ | ਸਂ | ਨ | ਨ | ਸਂ | - |
| ऽ | ਜਿ | ਥੈ | ऽ | ਨਾ | ਮ | ऽ | ਨ | ਜਪੀ | ਐ | ਮੇ | ਰੇ | ਗੋ | ਇ | ਦਾ | ऽ |
| | ਨ | | | | | | | | | | | ਮ | | | |
| - | ਸਂ | - | ਰਂਸਂ | ਨ਼ | ਧ | ਪ | ਪ | ਧ | ਮ | ਮਪ | ਧਪ | ਗੁ | ਰ | | |
| ऽ | ਸੇ | ऽ | ਈऽ | ਨ | ਗ | ਰ | ਉ | ਜਾ | ऽ | ਝੀऽ | ऽऽ | ਜੀ | ਉ | ਜਿੱਥੈ... | |
| ਅੰਤਰਾ | | | | | | | | | | | | | | | |
| | ਮ | | | | | | | | | | | | | ਮ | |
| ਸ | ਰ | ਮ | - | ਪ | - | ਪ | - | - | ਪ | ਧ | ਮ | ਮਪ | ਧਪ | ਗੁਰ | ਗੁ |
| ਹਰਿ | ਰੁ | ਖੀ | ऽ | ਰੋ | ऽ | ਟੀ | ऽ | ऽ | ਖਾ | ਇ | ਸ | ਮਾऽ | ऽऽ | ਲੇऽ | ऽ |
| | ਮ | | | | | | | | | | | | | ਮ | |
| ਸ | ਰ | ਮ | ਮ | ਪ | - | ਪ | ਪ | - | ਪ | ਪ | ਮ | ਮਪ | ਧਪ | ਗੁਰ | ਗੁ |
| ਹਰਿ | ਅੰ | ਤ | ਰ | ਥਾ | ऽ | ਹ | ਰ | ऽ | ਨਦ | ਰ | ਨਿ | ਹਾऽ | ऽऽ | ਲੇऽ | ऽ |
| ਸ | ਮ | - | ਮ | ਪ | - | ਨ | ਨ | ਸਂ | - | ਸਂ | ਸਂ | ਨ | - | ਸਂ | - |
| ऽ | ਖਾ | ऽ | ਇ | ਖਾ | ऽ | ਇ | ਕ | ਰੇ | ऽ | ਥ | ਦ | ਫੈ | ऽ | ਲੀ | ऽ |
| | | | | ਸਂ | | | | | | | | ਮ | | | |
| - | ਸਂ | ਸਂ | ਰਂ | ਨ਼ | ਧ | ਪ | - | ਧ | ਮ | ਮਪ | ਧਪ | ਗੁ | ਰ | | |
| ऽ | ਜਾ | ਣ | ਵਿ | ਸੁ | ऽ | ਕੀ | ऽ | ਵਾ | ऽ | ਝੀऽ | ऽऽ | ਜੀ | ਉ | ਜਿਥੈ... | |

-ਸ਼ਬਦ ਦੀਆਂ ਬਾਕੀ ਤੁਕਾਂ ਅੰਤਰੇ ਤੇ ਲਾਓ।


ਗੁਰਮੁਖਿ ਸੇਵਾ ਅੰਮ੍ਰਿਤ ਰਸ ਪੀਜੈ॥

ਸੇਵਕਸ' ਚੈਰੀਟੇਬਲ ਟਰਸਟ (ਰਜਿ.)

**Sewaks' Charitable Trust (Regd.)**

Office : SCO : 1104-05, First Floor, Sector: 22-B, Chandigarh - 160 022
Tel.: 0172-701238, 713915, 701396, 612412 Fax: 0172-710739, 655821
e-mail: sewaks@usa.net - website: www.sewaks.faithweb.com

HELP NEEDY

HELP NEEDY

IN THE SERVICE OF HUMANITY

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

## ਮਨਮੋਹਨ ਸਿੰਘ

| ਮਾਝ ਮਹਲਾ ੫ ॥ | Majh, Fifth Guru. | ਮਾਝ, ਪੰਜਵੀਂ ਪਾਤਸ਼ਾਹੀ |
|---|---|---|
| ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥ | Everything is within the home, not even one is without. | ਹਰ ਸ਼ੈ ਗ੍ਰਿਹ ਦੇ ਵਿਚ ਹੈ, ਇਕ ਭੀ ਬਾਹਰ ਵਾਰ ਨਹੀਂ। |
| ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥ | He, who seeks without, is lost in doubt. | ਜੋ ਬਾਹਰਵਾਰ ਢੂੰਡਦਾ ਹੈ, ਉਹ ਸੰਸੇ ਅੰਦਰ ਘੁਸ ਜਾਂਦਾ ਹੈ। |
| ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥ | By Guru's grace he who has found the Lord in his mind, is comfortable within and without. | ਗੁਰਾਂ ਦੀ ਦਇਆ ਦੁਆਰਾ ਜਿਸ ਨੇ ਪ੍ਰਭੂ ਨੂੰ ਆਪਣੇ ਅੰਤਸ਼ਕਰਨ ਅੰਦਰ ਭਾਲ ਲਿਆ ਹੈ, ਉਹ ਅੰਦਰੋਂ ਤੇ ਬਾਹਰੋਂ ਸੁਖੀ ਹੈ। |
| ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ॥ | Within him the stream of Nectar uniformly rains. | ਉਸ ਦੇ ਅੰਦਰ ਸੁਧਾਰਸ ਦੀ ਨਦੀ ਇਕ ਰਸ ਵਰ੍ਹਦੀ ਹੈ। |
| ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥ | The soul drinks, hears and reflect upon the Name. | ਆਤਮਾ ਨਾਮ ਨੂੰ ਪੀਂਦੀ, ਸੁਣਦੀ ਤੇ ਵੀਚਾਰਦੀ ਹੈ। |
| ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥ | It rejoices and enjoys day and night, and sports with God for ever and aye. | ਇਹ ਦਿਨ ਰੈਣ ਖੁਸ਼ੀਆਂ ਤੇ ਮੌਜਾਂ ਕਰਦੀ ਹੈ ਅਤੇ ਸਦੀਵ ਤੇ ਹਮੇਸ਼ਾ ਲਈ ਵਾਹਿਗੁਰੂ ਨਾਲ ਖੇਡਦੀ ਹੈ। |
| ਜਨਮ ਜਨਮ ਕਾ ਵਿਛੁੜਿਆ ਮਿਲਿਆ ॥ ਸਾਧ ਕ੍ਰਿਪਾ ਤੇ ਸੂਕਾ ਹਰਿਆ ॥ | By siant-Guru's grace, separated since many births, I have now met God and though dried up have reverdured. | ਸੰਤ-ਗੁਰਾਂ ਦੀ ਰਹਿਮਤ ਦਾ ਸਦਕਾ, ਅਨੇਕਾਂ ਜਨਮ ਤੋਂ ਵਿਛੁੰਨਾ, ਮੈਂ ਹੁਣ ਵਾਹਿਗੁਰੂ ਨੂੰ ਮਿਲ ਪਿਆ ਹਾਂ ਅਤੇ ਸੁੱਕਾ ਸੜਿਆ ਹੋਣ ਦੇ ਬਾਵਜੂਦ ਹਰਾ-ਭਰਾ ਹੋ ਗਿਆ ਹਾਂ। |
| ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥ | Through the Guru, I have obtained exquisite understanding, have meditated on the Name and have met the Lord. | ਗੁਰਾਂ ਦੇ ਰਾਹੀਂ ਮੈਨੂੰ ਸਰੇਸ਼ਟ ਸਮਝ ਪਰਾਪਤ ਹੋ ਗਈ ਹੈ, ਮੈਂ ਨਾਮ ਦਾ ਸਿਮਰਨ ਕੀਤਾ ਹੈ ਅਤੇ ਮੇਰਾ ਸੁਆਮੀ ਨਾਲ ਮਿਲਾਪ ਹੋ ਗਿਆ ਹੈ। |
| ਜਲ ਤਰੰਗੁ ਜਿਉ ਜਲਹਿ ਸਮਾਇਆ ॥ ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥ | As the waves of water blend with water, so my light is blended with the Lord's light. | ਜਿਸ ਤਰ੍ਹਾਂ ਪਾਣੀ ਦੀਆਂ ਲਹਿਰਾਂ ਪਾਣੀ ਨਾਲ ਮਿਲ ਜਾਂਦੀਆਂ ਹਨ, ਏਸ ਤਰ੍ਹਾਂ ਮੇਰਾ ਨੂਰ ਸਾਈਂ ਦੇ ਨੂਰ ਨਾਲ ਮਿਲ ਗਿਆ ਹੈ। |
| ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥ | Says Nanak, the shutters of delusion have been hewed down and there shall be no more wandering. | ਗੁਰੂ ਜੀ ਆਖਦੇ ਹਨ, ਸੰਦੇਹ ਦੇ ਤਖ਼ਤੇ ਵਢੇ ਗਏ ਹਨ, ਅਤੇ ਮੁੜ ਕੇ ਭਟਕਣਾ ਨਹੀਂ ਹੋਵੇਗਾ। |

**ਅੰਮ੍ਰਿਤ ਕੀਰਤਨ** ਨੂੰ ਨਿਖਾਰਨ ਦਾ ਯਤਨ ਇੱਕ ਲਗਾਤਾਰ ਚਲਦੀ ਹੋਈ ਮੁਹਿੰਮ ਹੈ।
ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਤੁਹਾਡੇ ਸੁਝਾਵਾਂ ਦਾ ਸੁਆਗਤ ਹੈ।

| ਮਾਝ ਮਹਲਾ ੫ ॥ | **Majh, Fifth Guru.** | ਮਾਝ, ਪੰਜਵੀਂ ਪਾਤਸ਼ਾਹੀ |
|---|---|---|
| ਜਿਥੈ ਨਾਮੁ ਜਪੀਐ ਪ੍ਰਭੂ ਪਿਆਰੇ ॥ ਸੇ ਅਸਥਲ ਸੋਇਨ ਚਉਬਾਰੇ ॥ | Where the Name of the beloved Lord is repeated, those unpeopled places are like the golden mansions. | ਜਿਥੇ ਪ੍ਰੀਤਮ ਠਾਕਰ ਦੇ ਨਾਮ ਦਾ ਉਚਾਰਨ ਕੀਤਾ ਜਾਂਦਾ ਹੈ ਉਹ ਬੇ-ਆਬਾਦ ਥਾਵਾਂ ਸੁਨਹਿਰੀ ਚੁਬਾਰਿਆਂ ਦੀ ਮਾਨਿੰਦ ਹਨ। |
| ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ ॥੧॥ | Where the Name of my world. Master is not repeated, those towns are like a wilderness. | ਜਿਥੇ ਮੇਰੇ ਸ੍ਰਿਸ਼ਟੀ ਦੇ ਮਾਲਕ ਦੇ ਨਾਮ ਦਾ ਉਚਾਰਨ ਨਹੀਂ ਕੀਤਾ ਜਾਂਦਾ, ਉਹ ਕਸਬੇ ਬੀਆਬਾਨ ਦੀ ਤਰ੍ਹਾਂ ਹਨ। |
| ਹਰਿ ਰੁਖੀ ਰੋਟੀ ਖਾਇ ਸਮਾਲੇ ॥ ਹਰਿ ਅੰਤਰਿ ਬਾਹਰਿ ਨਦਰਿ ਨਿਹਾਲੇ ॥ ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ ॥੨॥ | He, who eating dry bread remembers God, with his eyes sees the Lord within and without Know that he, who eats copiously and does evil, is like an orchard of poison. | ਜੋ ਖੁਸ਼ਕ ਸੰਨੀ ਛਕ ਕੇ ਵਾਹਿਗੁਰੂ ਦਾ ਚਿੰਤਨ ਕਰਦਾ ਹੈ, ਉਹ ਆਪਣੀਆਂ ਅੱਖਾਂ ਨਾਲ, ਸਾਹਿਬ ਨੂੰ ਅੰਦਰ ਤੇ ਬਾਹਰਵਾਰ ਦੇਖ ਲੈਂਦਾ ਹੈ। ਸਮਝ ਲੈ ਕਿ ਜੋ ਬਹੁਤ ਖਾਂਦਾ ਹੈ ਅਤੇ ਬਦੀ ਕਮਾਉਂਦਾ ਹੈ ਉਹ ਜ਼ਹਿਰ ਦੀ ਬਗੀਚੀ ਦੀ ਮਾਨਿੰਦ ਹੈ। |
| ਸੰਤਾ ਸੇਤੀ ਰੰਗੁ ਨ ਲਾਏ ॥ ਸਾਕਤ ਸੰਗਿ ਵਿਕਰਮ ਕਮਾਏ ॥ ਦੁਲਭ ਦੇਹ ਖੋਈ ਅਗਿਆਨੀ ਜੜ ਅਪੁਣੀ ਆਪਿ ਉਪਾੜੀ ਜੀਉ ॥੩॥ | The ignorant man, who bears not love with the the saints and does evil deeds in the company of the wicked, loses his unprocurable body (life) and himself extirpates his own root. | ਬੇ-ਸਮਝ ਬੰਦਾ, ਜੋ ਸਾਧੂਆਂ ਨਾਲ ਪ੍ਰੀਤ ਨਹੀਂ ਗੰਢਦਾ ਅਤੇ ਵੈਲੀਆਂ ਦੇ ਮਿਲਾਪ ਵਿਚ ਮੰਦੇ ਅਮਲ ਕਰਦਾ ਹੈ, ਉਹ ਆਪਣੇ ਨਾਯਾਬ ਸਰੀਰ (ਜੀਵਨ) ਨੂੰ ਗੁਆ ਲੈਂਦਾ ਹੈ ਅਤੇ ਆਪਣੀ ਜੜ੍ਹ ਨੂੰ ਖੁਦ ਹੀ ਪੁਟ ਸੁੱਟਦਾ ਹੈ। |
| ਤੇਰੀ ਸਰਣਿ ਮੇਰੇ ਦੀਨ ਦਇਆਲਾ ॥ | O' Merciful to the meek I have entered Thy sanctuary. | ਹੇ ਮਸਕੀਨ ਤੇ ਮਿਹਰਬਾਨ! ਮੈਂ ਤੇਰੀ ਪਨਾਹ ਲਈ ਹੈ। |
| ਸੁਖ ਸਾਗਰ ਮੇਰੇ ਗੁਰ ਗੋਪਾਲਾ ॥ | Thou, O' great cherisher of the universe ! art an ocean of happiness. | ਹੇ ਮੇਰੇ ਵਿਸ਼ਾਲ ਤੇ ਆਲਮ ਦੇ ਪਾਲਣਹਾਰ! ਤੂੰ ਪ੍ਰਸੰਨਤਾ ਦਾ ਸਮੁੰਦਰ ਹੈਂ। |
| ਕਰਿ ਕਿਰਪਾ ਨਾਨਕੁ ਗੁਣ ਗਾਵੈ ॥ ਰਾਖਹੁ ਸਰਮ ਅਸਾੜੀ ਜੀਉ ॥੪॥੩੦॥੩੭॥ | Show mercy that Nanak may sing Thine praises and thus preserve my (Nanak's) honour. | ਰਹਿਮ ਕਰ ਤਾਂ ਜੋ ਨਾਨਕ ਤੇਰੀ ਸਿਫਤ ਸ਼ਲਾਘਾ ਗਾਇਨ ਕਰੇ ਅਤੇ ਇਸ ਤਰ੍ਹਾਂ ਮੇਰੀ (ਨਾਨਕ ਦੀ) ਇੱਜ਼ਤ ਬਰਕਰਾਰ ਰੱਖ। |


Phone : (O) 3312440
Resi. : 5721753

*Sawhney Cloth House*

46, Shanker Market, Connaught Circus, New Delhi - 110 001